

# ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ

## ਤੁਲਨਾਤਮਕ ਅਧਿਐਨ

ਡਾ. ਸੋਨਿਕਾ ਗਿੱਲ

# ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ : ਤੁਲਨਾਤਮਕ ਅਧਿਐਨ

ਡਾ. ਸੋਨਿਕਾ ਗਿੱਲ

5 ਆਬ
ਪ੍ਰਕਾਸ਼ਨ, ਜਲੰਧਰ

# ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ : ਤੁਲਨਾਤਮਕ ਅਧਿਐਨ

ਡਾ. ਸੋਨਿਕਾ ਗਿੱਲ
ਪਿੰਡ ਤੇ ਡਾਕਖਾਨਾ ਮਾਣਕ ਰਾਏ
ਜ਼ਿਲ੍ਹਾ: ਜਲੰਧਰ
ਮੋਬਾਇਲ : 94784-77133

© ਲੇਖਕ

ISBN : 978-93-84306-49-6

ਪਹਿਲੀ ਵਾਰ: 2015

ਮੁੱਲ: 100 ਰੁਪਏ

ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ
1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ
ਫ਼ੋਨ: 98140-87063
5aabparkashan@gmail.com
www. 5aabparkashan.com

ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ

ਪ੍ਰਿੰਟਰਜ਼: 5ਆਬ ਪ੍ਰਿੰਟਰਜ਼, ਜਲੰਧਰ

## ਸਮਰਪਿਤ

ਮੇਰੀ ਪਹਿਲੀ ਪੁਸਤਕ
ਮੇਰੇ ਗੁਰੂ
ਡਾ. ਸੁਖਵਿੰਦਰ ਸਿੰਘ ਸੰਘਾ
ਨੂੰ

# ਤਤਕਰਾ

ਭੂਮਿਕਾ 05

**ਅਧਿਆਇ-1**
ਪੰਜਾਬੀ ਭਾਸ਼ਾ ਦੇ ਅਧਿਆਪਨ ਦੀਆਂ ਵਿਧੀਆਂ 9-15

**ਅਧਿਆਇ-2**
ਪੰਜਾਬੀ ਭਾਸ਼ਾ ਦਾ ਦੂਸਰੀ ਭਾਸ਼ਾ ਵਜੋਂ ਅਧਿਆਪਨ 16-29

**ਅਧਿਆਇ-3**
ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਪ੍ਰਾਪਤ ਖੋਜ ਦਾ ਵਿਸ਼ਲੇਸ਼ਣਾਤਮਕ ਅਧਿਐਨ 30-41

**ਅਧਿਆਇ-4**
ਭਾਸ਼ਾਈ ਅਧਿਆਪਨ ਸਮੱਗਰੀ ਦਾ ਇਕੱਤਰੀਕਰਨ ਅਤੇ ਵਿਸ਼ਲੇਸ਼ਣ ਵਿਧੀ 42-49

**ਅਧਿਆਇ-5**
ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦਾ ਅਧਿਆਪਨ 50-54

**ਅਧਿਆਇ-6**
ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ 55-59

**ਅਧਿਆਇ-7**
ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ:ਤੁਲਨਾਤਮਕ ਅਧਿਐਨ 60-76

ਨਿਸ਼ਕਰਸ਼ 77-78

ਪੁਸਤਕ ਸੂਚੀ 79-80

# ਭੂਮਿਕਾ

ਪੰਜਾਬੀ ਵਿਸ਼ਵ ਦੀਆਂ ਭਾਸ਼ਾਵਾਂ ਵਿੱਚੋਂ ਬਾਰਵੇਂ ਨੰਬਰ 'ਤੇ ਆਉਂਦੀ ਹੈ। ਅੱਜ ਵਿਸ਼ਵੀਕਰਨ ਦੇ ਦੌਰ ਵਿੱਚ ਜਦੋਂ ਬਦਲਦੀਆਂ ਹੋਈਆਂ ਪ੍ਰਸਥਿਤੀਆਂ ਦੇ ਅਨੁਕੂਲ ਹਰ ਖੇਤਰ ਵਿੱਚ ਅਹਿਮ ਤਬਦੀਲੀਆਂ ਵਾਪਰ ਰਹੀਆਂ ਹਨ ਤਾਂ ਭਾਸ਼ਾ ਅਧਿਆਪਨ ਦੇ ਖੇਤਰ ਵਿੱਚ ਵੀ ਬਦਲਦੀਆਂ ਹੋਈਆਂ ਪ੍ਰਸਥਿਤੀਆਂ ਅਨੁਸਾਰ ਪਰਿਵਰਤਨ ਆਉਣੇ ਸੁਭਾਵਿਕ ਹਨ।

ਬੱਚਾ ਸਭ ਤੋਂ ਪਹਿਲਾਂ ਭਾਸ਼ਾ ਆਪਣੇ ਘਰ ਤੋਂ ਗ੍ਰਹਿਣ ਕਰਦਾ ਹੈ। ਘਰ ਵਿੱਚ ਬੱਚਾ ਸੁਣਨਾ ਅਤੇ ਬੋਲਣਾ ਹੀ ਸਿੱਖਦਾ ਹੈ। ਭਾਸ਼ਾ ਨੂੰ ਲਿਖਣਾ ਅਤੇ ਪੜ੍ਹਨਾ ਸਿੱਖਣ ਲਈ ਬੱਚੇ ਨੂੰ ਸਕੂਲ ਜਾਣਾ ਪੈਂਦਾ ਹੈ। ਪੰਜਾਬੀ ਭਾਸ਼ਾ ਸਿੱਖਣ ਲਈ ਹਰ ਪਿੰਡ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਖੁੱਲ੍ਹੇ ਹਨ। ਸਰਕਾਰੀ ਐਲੀਮੈਂਟਰੀ ਸਕੂਲਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਦਾ ਅਧਿਆਪਨ ਪਬਲਿਕ ਸਕੂਲਾਂ ਵਿੱਚ ਵੀ ਕਰਵਾਇਆ ਜਾਂਦਾ ਹੈ। ਸਕੂਲ ਵਿੱਚ ਬੱਚਾ ਪੰਜਾਬੀ ਭਾਸ਼ਾ ਦਾ ਠੀਕ ਉਚਾਰਨ, ਪੜ੍ਹਨਾ, ਲਿਖਣਾ ਸਿੱਖਦਾ ਹੈ।

ਮੁਕੰਮਲ ਭਾਸ਼ਾ ਸਿੱਖਿਆ ਮੂਲ ਰੂਪ ਵਿੱਚ ਚਾਰ ਕੌਸ਼ਲਾਂ ਉੱਤੇ ਨਿਰਭਰ ਕਰਦੀ ਹੈ ਜੋ ਹੇਠ ਲਿਖੇ ਅਨੁਸਾਰ ਹਨ :

1. ਸੁਣਨਾ।
2. ਬੋਲਣਾ।
3. ਪੜ੍ਹਨਾ।
4. ਲਿਖਣਾ।

ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਅੱਜ ਪੰਜਾਬੀ ਭਾਸ਼ਾ ਦੇ ਸਮਾਨਾਂਤਰ ਅੰਗਰੇਜ਼ੀ ਭਾਸ਼ਾ ਅਧਿਆਪਨ ਵੀ ਕਰਵਾਇਆ ਜਾਂਦਾ ਹੈ। ਪੰਜਾਬ ਵਿੱਚ ਮਾਤ ਭਾਸ਼ਾ ਪੰਜਾਬੀ ਹੈ ਤੇ ਸਰਕਾਰੀ ਐਲੀਮੈਂਟਰ ਸਕੂਲਾਂ ਵਿੱਚ ਵੀ ਮਾਤ ਭਾਸ਼ਾ ਦੀ ਪੜ੍ਹਾਈ ਦੇ ਨਾਲ-ਨਾਲ ਅੰਗਰੇਜ਼ੀ ਭਾਸ਼ਾ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ। ਅੰਗਰੇਜ਼ੀ ਭਾਸ਼ਾ ਦੀ ਸਿਖਿਆ ਦੇਣ ਲਈ ਸਰਕਾਰੀ ਸਕੂਲਾਂ ਦੇ ਮੁਕਾਬਲੇ ਪਬਲਿਕ ਸਕੂਲ ਵੱਡੀ ਮਾਤਰਾ ਵਿੱਚ ਖੁੱਲ੍ਹ ਰਹੇ ਹਨ। ਅੰਗਰੇਜ਼ੀ ਭਾਸ਼ਾ ਨੂੰ ਪੜ੍ਹਨ, ਲਿਖਣ ਅਤੇ ਬੋਲਣ ਲਈ ਸਮੁੱਚੇ ਭਾਰਤ ਵਿੱਚ ਅੱਜਕੱਲ੍ਹ ਕਰੋੜਾਂ ਦਾ ਵਪਾਰ ਹੋ ਰਿਹਾ ਹੈ। ਅੱਕਕੱਲ੍ਹ ਸਾਨੂੰ ਹਰ ਅਖਬਾਰ ਵਿੱਚ ਅਕਸਰ 'ਸਟੱਡੀ

ਇਨ ਇੰਗਲੈਂਡ (Study in England) ਅਤ 'ਸਟੱਡੀ ਇਨ ਕੈਨੇਡਾ' (Study in Canada) ਵਰਗੇ ਇਸ਼ਤਿਹਾਰ ਦਿਖਾਈ ਦੇ ਰਹੇ ਹਨ। ਦੂਸਰੇ ਦੇਸ਼ਾਂ ਵਿੱਚ ਵੱਧ ਰਹੇ ਸਿੱਖਿਆ ਦੀ ਪ੍ਰਾਪਤੀ ਦੇ ਰੁਝਾਨ ਨੇ ਵੀ ਪੰਜਾਬੀ ਭਾਸ਼ਾ ਦੇ ਅਧਿਆਪਨ ਕਾਰਜ ਨੂੰ ਕਾਫੀ ਪਿੱਛੇ ਪਾ ਦਿੱਤਾ ਹੈ। ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਸੰਬੰਧੀ ਵੱਧਦੇ ਹੋਏ ਰੁਝਾਨ ਨੂੰ ਦੇਖ ਕੇ ਪੰਜਾਬ ਵਿੱਚ ਵੱਡੀ ਮਾਤਰਾ ਵਿੱਚ ਪਬਲਿਕ ਸਕੂਲ ਖੁੱਲ੍ਹ ਰਹੇ ਹਨ ਅਤੇ ਆਮ ਸ਼੍ਰੇਣੀ ਦੇ ਲੋਕਾਂ ਦਾ ਜ਼ਿਆਦਾ ਰੁਝਾਨ ਬੱਚਿਆਂ ਨੂੰ ਪਬਲਿਕ ਸਕੂਲਾਂ ਵਿੱਚ ਪੜ੍ਹਾਉਣ ਵੱਲ ਹੈ। ਇਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਸਰਕਾਰ ਨੇ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਵੀ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਸ਼ੁਰੂ ਕੀਤਾ ਹੈ।

ਉਪ੍ਰੋਕਤ ਵਿਚਾਰਾਂ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ਹੀ "ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਅਤੇ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ : ਤੁਲਨਾਤਮਕ ਅਧਿਐਨ" ਦੇ ਵਿਸ਼ੇ ਨੂੰ ਆਪਣੀ ਪੁਸਤਕ ਲਈ ਚੁਣਿਆ ਹੈ। ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੇ ਸਮਾਨਾਂਤਰ ਅੰਗਰੇਜ਼ੀ ਭਾਸ਼ਾ ਦੇ ਅਧਆਪਨ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਸ ਪੁਸਤਕ ਨੂੰ 7 ਹਿੱਸਿਆਂ ਵਿੱਚ ਵੰਡਿਆ ਹੋਇਆ ਹੈ।

1. ਪੰਜਾਬੀ ਭਾਸ਼ਾ ਦੇ ਅਧਿਆਪਨ ਦੀਆਂ ਵਿਧੀਆਂ।
2. ਪੰਜਾਬੀ ਭਾਸ਼ਾ ਦਾ ਦੂਸਰੀ ਭਾਸ਼ਾ ਵਜੋਂ ਅਧਿਆਪਨ।
3. ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਪ੍ਰਾਪਤ ਖੋਜ ਦਾ ਵਿਸ਼ਲੇਸ਼ਣਾਤਮਕ ਅਧਿਐਨ।
4. ਪੰਜਾਬੀ ਭਾਸ਼ਾ ਅਤੇ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਸੰਬੰਧੀ ਸਮੱਗਰੀ ਦਾ ਇਕੱਤਰੀਕਰਨ ਅਤੇ ਵਿਸ਼ਲੇਸ਼ਣ ਵਿਧੀ।
5. ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਦਾ ਪੱਧਰ।
6. ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਦਾ ਪੱਧਰ।
7. ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਅਤੇ ਅੰਗਰੇਜੀ ਭਾਸ਼ਾ ਦਾ ਅਧਿਆਪਨ : ਤੁਲਨਾਤਮਕ ਅਧਿਅਨ।

ਪਹਿਲੇ ਅਧਿਆਏ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਦੀਆਂ ਤਿੰਨ ਵਿਧੀਆਂ ਦੀ ਚਰਚਾ ਕੀਤੀ ਗਈ ਹੈ:

1. ਪੰਜਾਬੀ ਭਾਸ਼ਾ ਦਾ ਮਾਤ-ਭਾਸ਼ਾ ਵਜੋਂ ਅਧਿਆਪਨ।
2. ਪੰਜਾਬੀ ਭਾਸ਼ਾ ਦਾ ਦੂਸਰੀ ਭਾਸ਼ਾ ਵਜੋਂ ਅਧਿਆਪਨ।
3. ਪੰਜਾਬੀ ਭਾਸ਼ਾ ਦਾ ਵਿਦੇਸ਼ੀ ਭਾਸ਼ਾ ਵਜੋਂ ਅਧਿਆਪਨ

ਦੂਸਰੇ ਅਧਿਆਇ ਵਿੱਚ ਪੰਜਾਬੀ ਭਾਸ਼ਾ ਦੇ ਦੂਸਰੀ ਭਾਸ਼ਾ ਵਜੋਂ ਅਧਿਆਪਨ ਦੀ ਸਿਧਾਂਤਕ ਜਾਣਕਾਰੀ ਦਿੱਤੀ ਹੈ। ਦੂਸਰੀ ਭਾਸ਼ਾ ਦਾ ਵਿਦਿਆਰਥੀ, ਦੂਸਰੀ ਭਾਸ਼ਾ ਦਾ ਅਧਿਆਪਕ, ਅਧਿਆਪਨ ਸਬੰਧਤ ਸਮੱਗਰੀ, ਮੁਹਾਰਤ, ਭਾਸ਼ਾ ਸਿੱਖਣ ਦੇ ਉਦੇਸ਼ ਕਲਾਸ ਦਾ ਵਾਤਾਵਰਨ, ਅਧਿਆਪਨ ਵਿਧੀਆਂ ਆਦਿ ਪਹਿਲੂਆਂ 'ਤੇ ਵਿਚਾਰ ਪੇਸ਼ ਕੀਤੇ ਗਏ ਹਨ।

ਤੀਸਰੇ ਅਧਿਆਇ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਪ੍ਰਾਪਤ ਖੋਜ ਦਾ ਵਿਸ਼ਲੇਸ਼ਣਾਤਮਕ ਅਧਿਅਨ ਪ੍ਰਸੁਤਤ ਕੀਤਾ ਗਿਆ ਹੈ। ਇਸ ਵਿੱਚ ਤਿੰਨ ਤਰ੍ਹਾਂ ਦੀਆਂ ਪੁਸਤਕਾਂ ਸ਼ਾਮਿਲ ਕੀਤੀਆਂ ਗਈਆਂ ਹਨ:

1. ਪ੍ਰਕਾਸ਼ਤ ਪੁਸਤਕਾਂ
    1. ਮੌਲਿਕ ਪੁਸਤਕਾਂ
    2. ਸੰਪਾਦਿਤ ਪੁਸਤਕਾਂ
2. ਖੋਜ ਨਿਬੰਧ/ ਸ਼ੋਧ ਪ੍ਰਬੰਧਜ
3. ਖੋਜ ਪੱਤਰ/ਪੱਤਰਕਾਵਾਂ

ਚੌਥੇ ਅਧਿਆਏ ਵਿੱਚ ਪੰਜਾਬੀ ਭਾਸ਼ਾ ਅਤੇ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਦੀ ਸਮੱਗਰੀ ਦੇ ਇਕੱਤਰੀਕਰਨ ਅਤੇ ਵਿਸ਼ਲੇਸ਼ਣ ਵਿਧੀ ਦਾ ਵਰਨਣ ਕੀਤਾ ਗਿਆ ਹੈ। ਇਸ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਅਤੇ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਸੰਬੰਧੀ ਚਾਰ ਤਰ੍ਹਾਂ ਦੀਆਂ ਪ੍ਰਸ਼ਨ ਸੂਚੀਆਂ ਸ਼ਾਮਿਲ ਕੀਤੀਆਂ ਗਈਆਂ ਹਨ:

1. ਮੁੱਢਲੀ ਜਾਣਕਾਰੀ ਨਾਲ ਸੰਬੰਧਿਤ ਪ੍ਰਸ਼ਨ ਸੂਚੀ।
2. ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਪ੍ਰਸ਼ਨ ਸੂਚੀ।
3. ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਸੰਬੰਧੀ ਪ੍ਰਸ਼ਨ ਸੂਚੀ।
4. ਬੱਚਿਆਂ ਤੋਂ ਪੁੱਛੇ ਗਏ ਪ੍ਰਸ਼ਨਾਂ ਨਾਲ ਸੰਬੰਧਿਤ ਪ੍ਰਸ਼ਨ ਸੂਚੀ।

ਉਪਰੋਕਤ ਦਿੱਤੀਆਂ ਗਈਆਂ ਪ੍ਰਸ਼ਨ ਸੂਚੀਆਂ ਵਿੱਚ ਪੁੱਛੇ ਗਏ ਪ੍ਰਸ਼ਨਾਂ ਦੇ ਅਧਾਰ 'ਤੇ ਪੰਜਾਬੀ ਭਾਸ਼ਾ ਅਤੇ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਦਾ ਵਿਸ਼ਲੇਸ਼ਣ ਪੇਸ਼ ਕੀਤਾ ਗਿਆ ਹੈ।

ਪੰਜਵੇਂ ਅਧਿਆਏ ਵਿੱਚ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਦੇ ਮਿਆਰ ਸੰਬੰਧੀ ਚਰਚਾ ਕੀਤੀ ਗਈ ਹੈ।

ਛੇਵੇਂ ਅਧਿਆਏ ਵਿੱਚ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਦੇ ਮਿਆਰ ਸੰਬੰਧੀ ਚਰਚਾ ਕੀਤੀ ਗਈ ਹੈ।

ਸੱਤਵੇਂ ਅਧਿਆਏ ਵਿੱਚ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਅਤੇ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਦਾ ਤੁਲਨਾਤਮਕ ਅਧਿਐਨ ਪੇਸ਼

ਕੀਤਾ ਗਿਆ ਹੈ। ਇਹ ਤੁਲਨਾਤਮਕ ਅਧਿਐਨ ਸਿਲੇਬਸ, ਅਧਿਆਪਨ ਵਿਧੀਆਂ, ਸਮਾਂ-ਸਾਰਣੀ, ਅਧਿਆਪਕਾਂ ਦੀ ਗਿਣਤੀ, ਅਧਿਆਪਨ ਜੁਗਤਾਂ ਦੇ ਆਧਾਰ ਤੇ ਕੀਤਾ ਗਿਆ ਹੈ।

ਇਸ ਪੁਸਤਕ ਵਿੱਚ ਪੇਸ਼ ਕੀਤਾ ਸਰਕਾਰੀ ਐਲੀਮੈਂਟਰੀ ਸਕੂਲਾਂ ਦਾ ਸਰਵੇਖਣ 2004-2005 ਦੇ ਸਮੇਂ ਦੌਰਾਨ ਭਾਸ਼ਾ ਅਧਿਆਪਨ ਨਾਲ ਸੰਬੰਧਿਤ ਹੈ। ਇਸ ਸਰਵੇਖਣ ਨੂੰ ਫਿਰ ਤੋਂ ਗਹੁ ਨਾਲ ਵਾਚ ਕੇ ਸੋਧਾਂ ਕਰਕੇ ਮੈਂ ਪੁਸਤਕ ਦੇ ਰੂਪ ਵਿੱਚ ਪੇਸ਼ ਕਰ ਰਹੀ ਹਾਂ। ਮੈਂ ਡਾ. ਸੁਖਵਿੰਦਰ ਸਿੰਘ ਸੰਘਾ ਜੀ ਦੀ ਧੰਨਵਾਦ ਹਾਂ ਜਿਨ੍ਹਾਂ ਨੇ ਮੇਰਾ ਹਮੇਸ਼ਾਂ ਹੀ ਮਾਰਗ-ਦਰਸ਼ਨ ਕੀਤਾ ਹੈ।

-ਡਾ. ਸੋਨਿਕਾ ਗਿੱਲ

ਅਧਿਆਇ-1

# ਪੰਜਾਬੀ ਭਾਸ਼ਾ ਦੇ ਅਧਿਆਪਨ ਦੀਆਂ ਵਿਧੀਆਂ

**ਪੰਜਾਬੀ ਭਾਸ਼ਾ ਦੇ ਅਧਿਆਪਨ ਦੀਆਂ ਵਿਧੀਆਂ**

ਪੰਜਾਬੀ ਪੰਜਾਬ ਦੀ ਰਾਜ ਭਾਸ਼ਾ ਹੈ। ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਸਿੱਖਿਆ ਅਤੇ ਪ੍ਰੀਖਿਆ ਦਾ ਮਾਧਿਅਮ ਵੀ ਹੈ। ਪੰਜਾਬੀ ਭਾਸ਼ਾ ਬਤੌਰ ਰਾਜ ਭਾਸ਼ਾ ਵਜੋਂ ਕਾਨੂੰਨੀ ਮਾਨਤਾ ਪ੍ਰਾਪਤ ਅਤੇ ਭਾਰਤੀ ਸੰਵਿਧਾਨ ਵਿੱਚ ਪ੍ਰਵਾਨਿਤ ਨੈਸ਼ਨਲ ਅਤੇ ਖੇਤਰੀ ਭਾਸ਼ਾ ਹੈ। ਇਸ ਦਾ ਅਧਿਆਪਨ ਸਕੂਲ, ਕਾਲਜ ਅਤੇ ਯੂਨੀਵਰਸਿਟੀ ਪੱਧਰ ਤੱਕ ਕਰਵਾਇਆ ਜਾ ਰਿਹਾ ਹੈ। ਵਿਸ਼ਵ ਵਿੱਚ ਬੋਲੀਆਂ ਜਾਂਦੀਆਂ ਭਾਸ਼ਾਵਾਂ ਵਿੱਚ ਪੰਜਾਬੀ ਭਾਸ਼ਾ ਦਾ ਸਥਾਨ ਤਕਰੀਬਨ ਬਾਰ੍ਹਵਾਂ ਹੈ। ਪੰਜਾਬੀ ਸਿਰਫ ਪੰਜਾਬ ਵਿੱਚ ਹੀ ਨਹੀਂ ਸਗੋਂ ਗੁਆਂਢੀ ਰਾਜਾਂ ਤੋਂ ਇਲਾਵਾ ਪਾਕਿਸਤਾਨ ਅਤੇ ਦੂਸਰੇ ਯੂਰਪੀ ਦੇਸ਼ਾਂ ਅਤੇ ਅਫਰੀਕਾ ਮਹਾਂਦੀਪ ਦੇ ਦੇਸ਼ਾਂ ਵਿੱਚ ਵੀ ਪੜ੍ਹੀ ਅਤੇ ਪੜ੍ਹਾਈ ਜਾਂਦੀ ਹੈ। ਪਰ ਵਿਦੇਸ਼ਾਂ ਵਿੱਚ ਪੰਜਾਬੀ ਸੰਚਾਰ ਦਾ ਮਾਧਿਅਮ ਤਾਂ ਹੈ, ਬੋਲਚਾਲ ਵਿੱਚ ਵੀ ਵਰਤੀ ਜਾਂਦੀ ਹੈ, ਪਰ ਸਰਕਾਰੀ ਮਾਨਤਾ ਪ੍ਰਾਪਤ ਨਹੀਂ। ਇਸ ਲਈ ਪੰਜਾਬੀ ਭਾਸ਼ਾ ਦਾ ਅਧਿਆਪਨ ਸਿਰਫ ਮਾਤ-ਭਾਸ਼ਾ ਦੇ ਅਧਿਆਪਨ ਤੱਕ ਸੀਮਿਤ ਨਾ ਹੋ ਕੇ ਦੂਸਰੀ ਭਾਸ਼ਾ ਅਤੇ ਵਿਦੇਸ਼ੀ ਭਾਸ਼ਾ ਵਜੋਂ ਵੀ ਕਰਵਾਇਆ ਜਾਂਦਾ ਹੈ। ਪੰਜਾਬੀ ਭਾਸ਼ਾ ਦੇ ਅਧਿਆਪਨ ਨੂੰ ਮੁੱਖ ਰੂਪ ਵਿੱਚ ਹੇਠ ਲਿਖੇ ਤਿੰਨ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ:-

1. ਮਾਤ-ਭਾਸ਼ਾ ਵਜੋਂ ਅਧਿਆਪਨ।
2. ਦੂਸਰੀ ਭਾਸ਼ਾ ਵਜੋਂ ਅਧਿਆਪਨ।
3. ਬਦੇਸ਼ੀ ਭਾਸ਼ਾ ਵਜੋਂ ਅਧਿਆਪਨ।

## 1. ਮਾਤ-ਭਾਸ਼ਾ ਵਜੋਂ ਅਧਿਆਪਨ

ਪੰਜਾਬੀ ਭਾਸ਼ਾ ਨੂੰ ਬਤੌਰ ਮਾਤ-ਭਾਸ਼ਾ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਾਇਆ ਜਾਂਦਾ ਹੈ। ਪ੍ਰਾਇਮਰੀ ਸਕੂਲਾਂ ਤੋਂ ਹੀ ਬੱਚੇ ਦੀ ਪੰਜਾਬੀ ਭਾਸ਼ਾ ਸਿੱਖਣ ਦੀ ਨੀਂਹ ਬੱਝਣੀ ਸ਼ੁਰੂ ਹੋ ਜਾਂਦੀ ਹੈ। ਬੱਚਾ ਆਪਣੀ ਮਾਤ-ਭਾਸ਼ਾ ਉੱਤੇ ਕੋਈ ਵੀ ਬੱਚਾ ਜਾਂ ਵਿਅਕਤੀ ਪੂਰਨ ਸਫਲਤਾ ਪਰਿਵਾਰ ਵਿੱਚ ਅਚੇਤ ਤੌਰ 'ਤੇ ਪ੍ਰਾਪਤ ਕਰ ਲੈਂਦਾ ਹੈ। ਪਰ ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਪੰਜਾਬੀ ਭਾਸ਼ਾ ਦਾ ਪੂਰਨ ਗਿਆਨ ਤਾਂ ਹੀ ਪ੍ਰਾਪਤ ਹੁੰਦਾ ਹੈ ਜਦੋਂ ਕੋਈ ਵੀ ਮਨੁੱਖ ਉਸ ਭਾਸ਼ਾ ਨੂੰ ਬੋਲਣਾ, ਸੁਣਨਾ, ਪੜ੍ਹਨਾ ਅਤੇ ਲਿਖਣਾ ਸਿੱਖ ਜਾਵੇ, ਮਾਤ ਭਾਸ਼ਾ ਵਿੱਚ ਸੁਣਨ ਅਤੇ ਬੋਲਣ ਦਾ ਕਾਰਜ ਕੋਈ ਵੀ

ਮਨੁੱਖ ਅਚੇਤ ਰੂਪ ਵਿੱਚ ਪੂਰਾ ਕਰ ਲੈਂਦਾ ਹੈ। ਪਰ ਪੜ੍ਹਨ ਅਤੇ ਲਿਖਣ ਲਈ ਵਿਸ਼ੇਸ਼ ਯਤਨ ਕਰਨੇ ਪੈਂਦੇ ਹਨ। ਸਕੂਲ ਪੱਧਰ ਤੇ ਬੱਚਾ ਪਹਿਲੀ ਕਲਾਸ ਵਿੱਚ ਪੜ੍ਹਨਾ ਅਤੇ ਲਿਖਣਾ ਸਿੱਖਦਾ ਹੈ। ਸਕੂਲ ਵਿੱਚ ਸਭ ਤੋਂ ਪਹਿਲਾਂ ਬੱਚੇ ਨੂੰ ਆਲੇਖਣ ਸਿਖਾਉਣਾ ਚਾਹੀਦਾ ਹੈ ਤਾਂ ਕਿ ਬੱਚੇ ਦੇ ਹੱਥਾਂ ਅਤੇ ਅੱਖਾਂ ਦਾ ਤਾਲਮੇਲ ਬਣ ਸਕੇ। ਆਲੇਖਣ ਬੱਚੇ ਨੂੰ ਹੇਠ ਲਿਖੇ ਅਨੁਸਾਰ ਸਿਖਾਉਣਾ ਚਾਹੀਦਾ ਹੈ ਜਿਵੇ:

- Horizontal line ਜਾਂ Link line

I Vertical Line

o ਗੋਲਾਈਆਂ (Circle)

ਆਲੇਖਣ ਦੁਆਰਾ ਬੱਚੇ ਗੁਰਮੁੱਖੀ ਅੱਖਰਾਂ ਦੀ ਬਣਤਰ ਠੀਕ ਢੰਗ ਨਾਲ ਬਣਾਉਂਦੇ ਹਨ। ਆਲੇਖਣ ਤੋਂ ਬਾਅਦ ਬੱਚੇ ਨੂੰ ਗੁਰਮੁੱਖੀ ਅੱਖਰਾਂ ਦੀ ਬਣਤਰ ਸਿਖਾਉਣੀ ਚਾਹੀਦੀ ਹੈ। ਬੱਚਿਆਂ ਦਾ ਸਿਲੇਬਸ ਵੀ ਬਾਲ-ਮਨੋਵਿਗਿਆਨਕ ਰੁਚੀਆਂ ਦੇ ਅਨੁਸਾਰ ਹੀ ਹੋਣਾ ਚਾਹੀਦਾ ਹੈ। ਪਾਠ ਕ੍ਰਮ ਵਿੱਚ ਵੀ ਸੰਤੁਲਨ ਹੋਣਾ ਚਾਹੀਦਾ ਹੈ। ਪੜ੍ਹਨ, ਲਿਖਣ, ਬੋਲਣ ਸੁਣਨ ਦੇ ਕੰਮਾਂ ਦਾ ਵਿਸ਼ੇਸ਼ ਥਾਂ ਹੋਵੇ। ਸਕੂਲ ਪੱਧਰ 'ਤੇ ਪਹਿਲੀ ਤੋਂ ਲੈ ਕੇ ਦਸਵੀਂ ਕਲਾਸ ਤੱਕ ਦੀ ਸਿੱਖਿਆ ਵਿੱਚ ਬੱਚੇ ਨੂੰ ਕਵਿਤਾ, ਵਾਰਤਕ, ਨਾਵਲ, ਕਹਾਣੀ ਆਦਿ ਪੜ੍ਹਾਏ ਜਾਂਦੇ ਹਨ। ਇਨ੍ਹਾਂ ਕਲਾਸਾਂ ਤੋਂ ਹੀ ਗੁਰਮਤਿ ਕਾਵਿ, ਸੂਫੀ ਕਾਵਿ, ਕਿੱਸਾ ਕਾਵਿ, ਵੀਰ ਕਾਵਿ, ਆਧੁਨਿਕ ਕਾਵ, ਨਾਵਲ, ਨਾਟਕ ਆਦਿ ਸਾਹਿਤ ਵੰਨਗੀਆਂ ਵੀ ਪੜ੍ਹਾਈਆਂ ਜਾਂਦੀਆਂ ਹਨ।

ਭਾਸ਼ਾ ਨੂੰ ਸੁਚੇਤ ਪੱਧਰ ਤੇ ਸਕੂਲ ਵਿੱਚ ਹੀ ਸਿੱਖਿਆ ਜਾ ਸਕਦਾ ਹੈ।

> *"ਪੰਜਾਬੀ ਭਾਸ਼ਾ ਨੂੰ ਸਰਕਾਰੀ ਅਤੇ ਗੈਰ ਸਰਕਾਰੀ ਕੰਮਕਾਜ ਲਈ ਬਤੌਰ ਪਹਿਲੀ ਭਾਸ਼ਾ ਵਜੋਂ ਸੁਚੇਤ ਪੱਧਰ ਤੇ ਸਿੱਖਣ ਦੀ ਜ਼ਰੂਰਤ ਹੈ। ਕਿਸੇ ਖਾਸ ਭਾਸ਼ਾ ਦੀ ਵਰਤੋਂ ਜੇ ਸੀਮਿਤ ਖੇਤਰਾਂ ਵਿੱਚ ਜਾਂ ਕੇਵਲ ਬੋਲ-ਬਾਲ ਲਈ ਕੀਤੀ ਜਾਣੀ ਹੈ/ਜਾਂਦੀ ਹੈ ਤਾਂ ਉਸ ਭਾਸ਼ਾ ਨੂੰ ਬੱਚਾ ਅਚੇਤ ਤੌਰ 'ਤੇ ਗ੍ਰਹਿਣ ਕਰ ਲਵੇਗਾ ਪਰ ਜੇ ਉਸ ਨੂੰ ਪਹਿਲੀ ਭਾਸ਼ਾ, ਦੂਜੀ ਭਾਸ਼ਾ ਜਾਂ ਬਦੇਸ਼ੀ ਭਾਸ਼ਾ ਵਜੋਂ ਵਰਤਿਆ ਜਾਣਾ ਹੈ ਤਾਂ ਉਸ ਨੂੰ ਸਿੱਖਣ ਲਈ ਸੁਚੇਤ ਪੱਧਰ ਤੇ ਯਤਨ ਕਰਨ ਦੀ ਲੋੜ ਹੈ।"*[1]

ਜਦੋਂ ਭਾਸ਼ਾ ਨੂੰ ਸੁਚੇਤ ਪੱਧਰ ਤੇ ਸਿੱਖਣ ਦੀ ਗੱਲ ਕਰਦੇ ਹਾਂ ਤਾਂ ਪੰਜਾਬੀ ਭਾਸ਼ਾ ਦੀ ਵਿਆਕਰਨ ਦੀ ਪੜ੍ਹਾਈ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਸਕੂਲਾਂ, ਕਾਲਜਾਂ ਵਿੱਚ ਭਾਸ਼ਾ ਦਾ ਵਿਆਕਰਨ ਵੀ ਆਮ ਕਿਤਾਬਾਂ ਵਾਂਗ ਪੜ੍ਹਾ ਦਿੱਤਾ ਜਾਂਦਾ ਹੈ। ਸਕੂਲ ਵਿੱਚ ਵਿਆਕਰਨ ਪਹਿਲਾਂ ਕਰਿਆਵੀ ਰੂਪ ਵਿੱਚ ਅਤੇ ਫਿਰ ਸੂਤਰਬੱਧ ਰੂਪ ਵਿੱਚ ਪੜ੍ਹਾਉਣੀ ਚਾਹੀਦੀ ਹੈ। ਕਿਰਿਆਵੀ ਰੂਪ ਵਿੱਚ ਅਧਿਆਪਕ ਵਿਆਕਰਨਕ ਨਿਯਮਾਂ ਤੋਂ ਜਾਣੂ ਕਰਾਉਣ ਦੇ ਨਾਲ-ਨਾਲ ਸਥੂਲ ਰੂਪ ਭਾਸ਼ਾ ਵਿੱਚੋਂ ਉਦਾਹਰਨਾਂ ਦਿੰਦਾ ਹੈ। ਸੂਤਰਬੱਧ ਵਿਧੀ ਵਿੱਚ ਸਾਰੀਆਂ ਭਾਸ਼ਾਈ ਇਕਾਈਆਂ ਨੂੰ ਇੱਕ ਢੰਗ ਨਾਲ

ਸ਼੍ਰੇਣੀਬੱਧ ਕੀਤਾ ਜਾਂਦਾ ਹੈ। ਤਕਨੀਕੀ ਸ਼ਬਦਾਵਲੀ ਰਾਹੀਂ ਮਨੋਭਾਵਾਂ ਦੀ ਵਿਆਖਿਆ ਕੀਤੀ ਜਾਂਦੀ ਹੈ। ਭਾਸ਼ਾ ਦੀ ਸੁਚੇਤ ਪੱਧਰ ਦੀ ਸਿੱਖਿਆ ਦਾ ਸਬੰਧ ਟਕਸਾਲੀ ਭਾਸ਼ਾ ਨਾਲ ਹੈ। ਸਿਖਿਆਰਥੀ ਜਦੋਂ ਉਪਬੋਲੀ ਦੇ ਸ਼ਬਦ ਟਕਸਾਲੀ ਭਾਸ਼ਾ ਵਿੱਚ ਵਰਤਦਾ ਹੈ ਤਾਂ ਉਚਾਰਨ ਵਿੱਚ ਵਿਗਾੜ ਪੈਂਦਾ ਹੈ।

ਕਾਲਜ ਪੱਧਰ ਤੇ ਪੰਜਾਬੀ ਭਾਸ਼ਾ ਦਾ ਅਧਿਆਪਨ ਚੋਣਵੇਂ ਵਿਸ਼ੇ ਵਜੋਂ ਕਰਵਾਇਆ ਜਾਂਦਾ ਹੈ। ਪੜ੍ਹਨ ਲਿਖਣ ਦੀ ਸਮਰੱਥਾ ਦੇ ਵਿਕਾਸ ਤੇ ਭਾਸ਼ਾ ਲਿਖਣ ਦੀ ਪ੍ਰੰਪਰਾ ਬਾਰੇ ਸੂਝ ਅਤੇ ਸੋਚ ਗ੍ਰਹਿਣ ਕਰਨ ਦਾ ਕੰਮ ਕਾਲਜ ਪੱਧਰ ਤੇ ਹੀ ਕੀਤਾ ਜਾਂਦਾ ਹੈ। ਬੀ.ਏ. (B.A) ਦੀ ਕਲਾਸ ਕਾਲਜ ਪੱਧਰ ਦੀ ਆਖਰੀ ਕਲਾਸ ਹੈ। ਵਿਦਿਆਰਥੀ ਨੂੰ ਪੰਜਾਬੀ ਭਾਸ਼ਾ ਤੇ ਇੰਨੀ ਨਿਪੁੰਨਤਾ ਹਾਸਿਲ ਹੋ ਜਾਂਦੀ ਹੈ ਕਿ ਉਹ ਟਕਸਾਲੀ ਭਾਸ਼ਾ ਅਤੇ ਉਪ-ਭਾਸ਼ਾ ਵਿੱਚ ਅੰਤਰ ਸਮਝਦਾ ਹੈ ਅਤੇ ਇਸਦਾ ਠੀਕ ਪ੍ਰਯੋਗ ਕਰ ਸਕਦਾ ਹੈ। ਉਹ ਪੰਜਾਬੀ ਭਾਸ਼ਾ ਨੂੰ ਮਾਤ ਭਾਸ਼ਾ ਵਜੋਂ ਦੂਸਰਿਆਂ ਨੂੰ ਵੀ ਪੜ੍ਹਾ ਸਕਦਾ ਹੈ, ਇਸ ਮੰਤਵ ਦੀ ਪੂਰਤੀ ਲਈ ਉਸ ਨੂੰ ਪੰਜਾਬੀ ਸਾਹਿਤ ਅਤੇ ਪੰਜਾਬੀ ਭਾਸ਼ਾ ਦੀ ਅੰਦਰੂਨੀ ਜੁਗਤ ਅਤੇ ਬਾਹਰੀ ਜੁਗਤ ਦਾ ਵੀ ਪੂਰਾ ਗਿਆਨ ਹੋਣਾ ਚਾਹੀਦਾ ਹੈ।

ਕਾਲਜ ਪੱਧਰ ਤੇ ਪੰਜਾਬੀ ਭਾਸ਼ਾ ਦਾ ਅਧਿਆਪਨ ਲਾਜ਼ਮੀ ਵਿਸ਼ੇ ਵਜੋਂ ਕਰਵਾਇਆ ਜਾਂਦਾ ਹੈ। ਲਾਜ਼ਮੀ ਪੰਜਾਬੀ ਦੇ ਅਧਿਆਪਨ ਦੀ ਵਿਲੱਖਣ ਸਾਰਥਕਤਾ ਲਈ ਇਸ ਨੂੰ ਚੋਣਵੀਂ ਪੰਜਾਬੀ (Elctive Punjabi) ਦੇ ਵਿਰੋਧ ਵਿੱਚ ਰੱਖਿਆ ਜਾਏ, ਇਸ ਨਾਲ ਚੋਣਵੀਂ ਪੰਜਾਬੀ ਦੇ ਪਾਠਕ੍ਰਮ ਦਾ ਦੁਹਰਾਓ ਨਹੀਂ ਹੁੰਦਾ।

ਲਾਜ਼ਮੀ ਪੰਜਾਬੀ ਦੇ ਅਧਿਆਪਨ ਦੀ ਸਾਰਥਕਤਾ ਲਈ ਇਸ ਦੇ ਪਾਠਕ੍ਰਮ ਵਿੱਚ ਵਿਆਕਨ ਦੀ ਪੜ੍ਹਾਈ, ਤਕਨੀਕੀ ਸ਼ਬਦਾਵਲੀ, ਵੱਖ-ਵੱਖ ਖੇਤਰਾਂ ਦੇ ਮੂਲ ਸਿਧਾਂਤਾਂ ਜਾਂ ਸੰਕਲਪਾਂ ਦੀ ਜਾਣਕਾਰੀ ਅਤੇ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਆਦਿ ਨੂੰ ਵਿਸ਼ਾ ਬਣਾਉਣਾ ਚਾਹੀਦਾ ਹੈ। ਵਿਆਕਰਨ ਦੀ ਪੜ੍ਹਾਈ ਨਾਲ ਵਿਦਿਆਰਥੀ ਭਾਸ਼ਾਈ ਨਿਭਾਉ ਦੀ ਯੋਗ ਸਮਰੱਥਾ ਉਤਪੰਨ ਕਰ ਸਕਦਾ ਹੈ। ਇਸ ਨਾਲ ਵਿਦਿਆਰਥੀ ਦੀ ਸੋਚ ਨਿਯਮਬੱਧਤਾ ਗ੍ਰਹਿਣ ਕਰਦੀ ਹੈ, ਤਕਨੀਕੀ ਸ਼ਬਦਾਵਲੀ ਵੀ ਲਾਜ਼ਮੀ ਪੰਜਾਬੀ ਦਾ ਵਿਸ਼ਾ ਹੋਣਾ ਚਾਹੀਦਾ ਹੈ, ਤਕਨੀਕੀ ਸ਼ਬਦਾਂ ਦੀ ਵਰਤੋਂ ਜੁਗਤ ਨੂੰ ਸਪੱਸ਼ਟ ਕਰਨ ਲਈ ਇਸ ਦੀਆਂ ਪ੍ਰੀਭਾਸ਼ਕ ਸੀਮਾਵਾਂ ਦੀ ਜਾਣਕਾਰੀ ਵੀ ਪਾਠਕ੍ਰਮ ਵਿੱਚ ਰੱਖਣੀ ਚਾਹੀਦੀ ਹੈ। ਤਕਨੀਕੀ ਸ਼ਬਦਾਵਲੀ ਅਤੇ ਉਸ ਦੇ ਪ੍ਰੀਭਾਸ਼ਕ ਸਪੱਸ਼ਟੀਕਰਨ ਦੇ ਨਾਲ-ਨਾਲ ਪਾਠਕ੍ਰਮ ਵਿੱਚ ਵਿਭਿੰਨ ਖੇਤਰਾਂ ਦੇ ਮੁੱਢਲੇ ਸਿਧਾਂਤਾਂ ਜਾਂ ਸੰਕਲਪਾਂ ਦੀ ਸੰਖੇਪ ਜਾਣਕਾਰੀ ਵੀ ਸ਼ਾਮਿਲ ਕਰਨੀ ਚਾਹੀਦੀ ਹੈ। ਅੰਗਰੇਜ਼ੀ ਭਾਸ਼ਾ ਨੂੰ ਵੀ ਲਾਜ਼ਮੀ ਭਾਸ਼ਾ ਦਾ ਅੰਗ ਬਣਾਉਣਾ ਚਾਹੀਦਾ ਹੈ।

ਲਾਜ਼ਮੀ ਪੱਧਰ ਦੇ ਪਾਠਕ੍ਰਮ ਵਿੱਚ ਅਨੁਵਾਦ ਨੂੰ ਪਾਠਕ੍ਰਮ ਪੱਧਰ 'ਤੇ ਰੱਖਿਆ ਜਾ ਸਕਦਾ ਹੈ। ਪੰਜਾਬੀ ਸਕੂਲ ਸਿੱਖਿਆ ਬੋਰਡ ਦੇ ਸਿਰਫ ਗਿਆਰਵੀਂ ਕਲਾਸ ਵਿੱਚ ਹੀ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਨੂੰ ਲਾਜ਼ਮੀ ਭਾਸ਼ਾ ਦੇ ਪਾਠਕ੍ਰਮ ਵਿੱਚ ਸ਼ਾਮਿਲ ਕੀਤਾ

ਹੈ।

ਪੰਜਾਬੀ ਭਾਸ਼ਾ ਦਾ ਉਚਾਰਨ ਅਤੇ ਲਿਖਣ ਦੋ ਵੱਖ-ਵੱਖ ਕੌਸ਼ਲ ਹਨ। ਪਰ ਉੱਚੇਰੀ ਸਿਖਿਆ (ਕਾਲਜ ਪੱਧਰ ਤੇ) ਸਥਾਨਕ ਬੋਲਚਾਲ ਦੀ ਭਾਸ਼ਾ ਦੀ ਵਰਤੋਂ ਸਿੱਖਿਆਰਥੀ ਲਿਖਤ ਰੂਪ ਵਿੱਚ ਵੀ ਕਰਦਾ ਹੈ ਕਿਉਂਕਿ ਜ਼ਿਆਦਾਤਰ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀ ਪਿੰਡਾਂ ਨਾਲ ਹੀ ਸੰਬੰਧਿਤ ਹੁੰਦੇ ਹਨ। ਉਨ੍ਹਾਂ ਦਾ ਮੁਹਾਵਰਾ ਇੰਨਾ ਪੱਕ ਚੁੱਕਾ ਹੁੰਦਾ ਹੈ ਹਜ਼ਾਰ ਯਤਨ ਕਰਨ ਦੇ ਬਾਵਜੂਦ ਵੀ, ਸੁਧਾਰ ਕਰਨਾ ਇੱਕ ਵੱਡੀ ਸਮੱਸਿਆ ਹੈ। ਉਰਦੂ-ਫਾਰਸੀ ਸ਼ਬਦਾਂ ਦਾ ਸ਼ੁੱਧ ਉਚਾਰਨ ਬਹੁ ਵੱਡੀ ਸਮੱਸਿਆ ਹੈ। ਅੱਜ ਦਾ ਅਧਿਆਪਕ ਉਰਦੂ ਭਾਸ਼ਾ ਤੋਂ ਵਾਕਿਫ ਨਹੀਂ।

ਸਾਹਿਤਕ ਭਾਸ਼ਾ ਅਤੇ ਲੋਕ-ਬੋਲੀ ਵਿੱਚ ਕਾਫੀ ਅੰਤਰ ਹੈ। ਉਦਾਹਰਨ ਲਈ ਜਾਂਦਾ ਈ, ਕੀ ਕਰਨ ਡਿਆਂਏ, ਬੋਲਦਾ ਵਾ ਆਦਿ ਉਚਾਰਨ ਜੋ ਸਾਹਿਤਕ ਭਾਸ਼ਾ ਜਾਂ ਟਕਸਾਲੀ ਭਾਸ਼ਾ ਵਿੱਚ ਨਹੀਂ ਮਿਲਦੇ। ਪੇਂਡੂ ਵਿਦਿਆਰਥੀ ਭਾਸ਼ਾ ਦੇ ਇਸ ਉਚਾਰਨ ਨੂੰ ਲਿਖਤ ਦਾ ਹਿੱਸਾ ਬਣਾ ਰਹੇ ਹਨ। ਲੋਕ ਭਾਸ਼ਾ ਦੇ ਵੱਖੋ-ਵੱਖਰੇ ਮਿਆਰ ਨਿਸ਼ਚਿਤ ਹਨ, ਨਜ਼ਦੀਕੀ ਸਕੇ-ਸੰਬੰਧੀਆਂ, ਦੋਸਤਾਂ, ਗੁਆਂਢੀਆਂ ਨਾਲ ਵਾਰਤਾਲਾਪ ਸਮੇਂ ਜ਼ਿਆਦਤਰ ਵੱਖ-ਵੱਖ ਸ਼ਬਦ ਰੂਪਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜੋ ਮਾਤ-ਭਾਸ਼ਾ ਬੱਚਾ ਪਰਿਵਾਰ ਅਤੇ ਸਮਾਜਿਕ ਸੰਬੰਧਾਂ ਤੋਂ ਗ੍ਰਹਿਣ ਕਰਦਾ ਹੈ।

## 2. ਦੂਸਰੀ ਭਾਸ਼ਾ ਵਜੋਂ ਅਧਿਆਪਨ

ਪੰਜਾਬੀ ਭਾਸ਼ਾ ਦੇ ਅਧਿਆਪਨ ਦੇ ਖੇਤਰ ਵਿੱਚ ਦੂਸਰੀ ਭਾਸ਼ਾ ਵਜੋਂ ਪੰਜਾਬੀ ਦਾ ਅਧਿਆਪਨ ਇੱਕ ਵੰਗਾਰ ਹੈ। ਪੰਜਾਬ ਵਿੱਚ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਪ੍ਰਾਪਤ ਹੈ। ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਜ਼ੁਬਾਨ ਨਾ ਤਾਂ ਸਰਕਾਰੀ ਜ਼ੁਬਾਨ ਹੈ ਨਾ ਹੀ ਸਿੱਖਿਆ ਦਾ ਮਾਧਿਆਮ ਹੈ। ਮਾਤ ਭਾਸ਼ਾ ਵਜੋਂ ਪੰਜਾਬੀ ਭਾਸ਼ਾ ਗ੍ਰਹਿਣ ਕਰਨ ਯੋਗ ਹੈ ਜਦਕਿ ਦੂਸਰੀ ਭਾਸ਼ਾ ਵਜੋਂ ਗ੍ਰਹਿਣ ਕਰਨ ਲਈ ਸਿਖਲਾਈ ਦੀ ਜ਼ਰੂਰਤ ਹੁੰਦੀ ਹੈ। ਦੂਸਰੀ ਭਾਸ਼ਾ ਦੇ ਵਿਦਿਆਰਥੀ ਲਈ ਅਧਿਆਪਨ ਸਮੱਗਰੀ ਇਕੱਤਰ ਕਰਨ ਦਾ ਸਵਾਲ ਅਸਲ ਵਿੱਚ ਦੂਸਰੀ ਭਾਸ਼ਾ ਦੇ ਵਿਦਿਆਰਥੀ ਦੇ ਮੰਤਵ ਨਾਲ ਜੁੜਿਆ ਹੈ। ਜਿਸ ਤਰ੍ਹਾਂ ਦਾ ਮੰਤਵ ਦੂਸਰੀ ਭਾਸ਼ਾ ਦੇ ਵਿਦਿਆਰਥੀ ਦਾ ਹੋਏਗਾ। ਉਸ ਲਈ ਉਹੋ ਜਿਹੀ ਅਧਿਆਪਨ ਸਮੱਗਰੀ ਇਕੱਤਰ ਕਰਨੀ ਪਏਗੀ। ਇਸ ਸਮੱਗਰੀ ਵਿੱਚ ਵਿਕਸਿਤ ਆਧੁਨਿਕ ਤਕਨੀਕਾਂ ਤੋਂ ਲੈ ਕੇ ਸਿਲੇਬਸ ਦੀ ਤਿਆਰੀ ਕਰਨ ਤੱਕ ਦਾ ਸਮਾਂ ਸ਼ਾਮਿਲ ਹੈ। ਦੂਸਰੀ ਭਾਸ਼ਾ ਦੇ ਅਧਿਆਪਕ ਦੀ ਵੀ ਭਾਸ਼ਾ ਵਿਗਿਆਨ ਅਤੇ ਅਧਿਆਪਨ ਵਿਧੀਆਂ ਤੇ ਪੂਰੀ ਪਕੜ ਹੋਣੀ ਚਾਹੀਦੀ ਹੈ, ਅਧਿਆਪਕ ਵਿਦਿਆਰਥੀ ਲਈ ਜਿਹੜੀ ਭਾਸ਼ਾ ਵਰਤੇ ਉਹ ਬਹੁਤ ਹੀ ਸੌਖੀ, ਸਰਲ ਅਤੇ ਸਪੱਸ਼ਟ ਹੋਣੀ ਚਾਹੀਦੀ ਹੈ।

ਦੂਸਰੀ ਭਾਸ਼ਾ ਦਾ ਅਧਿਆਪਨ ਵਿਆਕਰਨ ਦੇ ਅਧਿਆਪਨ ਤੋਂ ਬਿਨਾਂ ਸੰਭਵ ਨਹੀਂ। ਦੂਸਰੀ ਭਾਸ਼ਾ ਦੇ ਵਿਦਿਆਰਥੀ ਨੂੰ ਵਿਆਕਰਨ ਦੇ ਨਿਯਮਾਂ ਦੀ ਜਾਣਕਾਰੀ

ਹੋਣੀ ਚਾਹੀਦੀ ਹੈ। ਜਦੋਂ ਵਿਦਿਆਰਥੀ ਪੰਜਾਬੀ ਭਾਸ਼ਾ ਨੂੰ ਦੂਸਰੀ ਭਾਸ਼ਾ ਵਜੋਂ ਸਿੱਖ ਰਿਹਾ ਹੈ ਉਸ ਨੂੰ ਜ਼ਿਆਦਾ ਅਭਿਆਸ ਸ਼ੁੱਧ ਉਚਾਰਨ ਦਾ ਕਰਵਾਉਣਾ ਚਾਹੀਦਾ ਹੈ। ਅਧਿਆਪਕ ਜਦੋਂ ਭਾਸ਼ਾ ਦੇ ਉਚਾਰਨ ਦੀ ਸਿੱਖਿਆ ਦਿੰਦਾ ਹੈ ਤਾਂ ਧੁਨੀ ਵਿਗਿਆਨ ਦੀ ਜਾਣਕਾਰੀ ਦੀ ਵਰਤੋਂ ਹਥਿਆਰ ਵਜੋਂ ਕਰਦਾ ਹੈ। ਜ਼ਿਆਦਾਤਰ ਅਧਿਆਪਕਾਂ ਨੂੰ ਧੁਨੀ ਵਿਗਿਆਨ ਦੀ ਜਾਣਕਾਰੀ ਨਹੀਂ ਹੈ। ਜੇਕਰ ਜਾਣਕਾਰੀ ਨਹੀਂ ਤਾਂ ਉਚਾਰਨ ਦੀ ਸਿੱਖਿਆ ਵੀ ਅਧਿਆਪਕ ਠੀਕ ਢੰਗ ਨਾਲ ਨਹੀਂ ਦੇ ਸਕਦਾ। ਗੁਰਮੁੱਖੀ ਲਿਪੀ ਦੇ ਅੱਖਰਾਂ ਦੀ ਬਣਤਰ ਵੀ ਲਿਖਣਾ/ਸਿੱਖਣਾ ਵੀ ਦੂਸਰੀ ਭਾਸ਼ਾ ਦੇ ਵਿਦਿਆਰਥੀ ਲਈ ਜ਼ਰੂਰੀ ਹੈ। ਗੁਰਮੁਖੀ ਲਿਪੀ ਦੇ ਚਿੰਨ੍ਹਾਂ ਨੂੰ ਸਿਖਾਉਣ ਤੋਂ ਪਹਿਲਾਂ ਬਣਤਰ ਦੇ ਆਧਾਰ 'ਤੇ ਗਰੁੱਪਾਂ ਵਿੱਚ ਵੰਡ ਕੇ ਸਿਖਾਉਣਾ ਚਾਹੀਦਾ ਹੈ। ਜਿਵੇਂ:-

| | | | | | | |
|---|---|---|---|---|---|---|
| ਹ | ਰ | ਗ | ਗ਼ | | | |
| ਮ | ਸ | ਸ਼ | ਅ | | | |
| ਪ | ਧ | ਖ | ਥ | ਘ | ਯ | ਖ਼ |
| ਤ | ਡ | ਞ | ੳ | ਭ | | |
| ਟ | ਫ | ੲ | ਣ | ਫ਼ | | |
| ਦ | ਢ | ਚ | | | | |
| ਟ | ਝ | ਵ | ਛ | | | |
| ਨ | ਠ | ਲ | ਲ਼ | | | |
| ਜ | ਜ਼ | | | | | |
| ਕ | ਙ | ੜ | | | | |

ਦੂਸਰੀ ਭਾਸ਼ਾ ਸਿੱਖਣ ਵਾਲੇ ਨੂੰ ਉਪ੍ਰੋਕਤ ਦਿੱਤੇ ਗਏ ਗਰੁੱਪਾਂ ਦੇ ਆਧਾਰ ਤੇ ਗੁਰਮੁਖੀ ਅੱਖਰਾਂ ਦੀ ਬਣਤਰ ਸਿਖਾਉਣੀ ਚਾਹੀਦੀ ਹੈ। ਪਹਿਲਾਂ ਹੀ 'ੳ' ਅੱਖਰ ਦੀ ਬਣਤਰ ਨਹੀਂ ਸਿਖਾਉਣੀ ਚਾਹੀਦੀ। ਦੂਸਰੀ ਭਾਸ਼ਾ ਸਿੱਖਣ ਵਾਲੇ ਨੂੰ ਸ਼ੁਰੂ-ਸ਼ੁਰੂ ਵਿੱਚ ਕਠਿਨਾਈ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਗੱਲ ਦਾ ਧਿਆਨ ਵੀ ਰੱਖਣਾ ਚਾਹੀਦਾ ਹੈ ਕਿ ਵਿਦਿਆਰਥੀ ਨੂੰ ਵਾਕ ਦੇ ਅਰਥ ਤਾਂ ਮਾਤ-ਭਾਸ਼ਾ ਵਿੱਚ ਹੀ ਦੱਸ ਦੇਣੇ ਚਾਹੀਦੇ ਹਨ ਪਰ ਵਾਕ ਵਿਚਲੇ ਸ਼ਬਦੰ ਦੇ ਅਰਥਾਂ ਨੂੰ ਨਾ ਦਰਸਾਇਆ ਜਾਏ ਨਹੀਂ ਤਾਂ ਵਿਦਿਆਰਥੀ ਸ਼ਬਦਾਂ ਦੇ ਅਰਥਾਂ ਵਿੱਚ ਹੀ ਉਲਝ ਕੇ ਰਹਿ ਜਾਏਗਾ। ਵਾਕ-ਸੁਰ ਬਦਲ ਜਾਣ ਦੇ ਨਾਲ ਵਾਕ ਦੇ ਅਰਥਾਂ ਵਿੱਚ ਕੁਝ ਹੋਰ ਅਰਥ ਜੁੜ ਜਾਂਦੇ ਹਨ ਪਰ ਸ਼ਬਦਾਂ ਦੇ ਮੂਲ ਅਰਥ ਨਹੀਂ ਬਦਲਦੇ। ਪੰਜਾਬੀ ਦੇ ਉਚਾਰਨ ਦੀ ਸਿੱਖਿਆ ਦਿੰਦੇ ਸਮੇਂ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿਉਂਕਿ ਬੋਲਦੇ ਸਮੇਂ ਵਾਕ ਨੂੰ ਇਕਾਈ ਵਜੋਂ ਵਰਤਿਆ ਜਾਂਦਾ ਹੈ।

## 3. ਬਦੇਸ਼ੀ ਭਾਸ਼ਾ ਵਜੋਂ ਅਧਿਆਪਨ

ਦੂਸਰੀ ਭਾਸ਼ਾ ਅਤੇ ਵਿਦੇਸ਼ੀ ਭਾਸ਼ਾ ਵਿੱਚ ਫਰਕ ਇਹ ਕਿ ਦੂਸਰੀ ਭਾਸ਼ਾ ਨਾਲ ਮਨੁੱਖ ਦਾ ਵਾਹ ਕਦੇ ਨਾ ਕਦੇ ਪੈਂਦਾ ਹੀ ਰਹਿੰਦਾ ਹੈ, ਵਿਦੇਸ਼ੀ ਭਾਸ਼ਾ ਤੋਂ ਮਨੁੱਖ ਬਿਲਕੁਲ ਹੀ ਅਣਜਾਣ ਹੁੰਦਾ ਹੈ। ਦੂਸਰੀ ਭਾਸ਼ਾ ਅਤੇ ਵਿਦੇਸ਼ੀ ਭਾਸ਼ਾ ਦੀਆਂ ਅਧਿਆਪਨ ਵਿਧੀਆਂ ਵਿੱਚ ਵੀ ਫਰਕ ਹੁੰਦਾ ਹੈ। ਵਿਦੇਸ਼ੀ ਭਾਸ਼ਾ ਦੀ ਸਿਖਲਾਈ ਬਹੁਤ ਜਟਿਲ ਅਤੇ ਗੰਭੀਰ ਹੁੰਦੀ ਹੈ। ਇਸ ਨੂੰ ਪੜ੍ਹਾਉਣ ਦੀ ਸਮੱਗਰੀ ਅਤੇ ਅਧਿਆਪਨ ਵਿਧੀਆਂ ਵੀ ਵੱਖਰੀਆਂ ਹੀ ਹੁੰਦੀਆਂ ਹਨ। ਵਿਦੇਸ਼ੀ ਭਾਸ਼ਾ ਦਾ ਅਧਿਆਪਨ ਜਮਾਤਾਂ ਦੀਆਂ ਹੱਦਾਂ ਵਿੱਚ ਹੀ ਰਹਿਕੇ ਕੀਤਾ ਜਾਂਦਾ ਹੈ। ਵਿਦਿਆਰਥੀ ਨੂੰ ਮਾਂ ਬੋਲੀ ਦੀ ਕੁਦਰਤੀ ਹੋਂਦ ਵਾਲੀ ਭਾਸ਼ਾਈ ਸਮੱਗਰੀ ਦੀ ਥਾਂ ਬਣਾਵਟੀ ਹੋਂਦ ਵਾਲੀ ਦੂਸਰੇ ਦਰਜੇ ਦੀ ਭਾਸ਼ਾਈ ਸਮੱਗਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਹਰ ਭਾਸ਼ਾ ਦਾ ਆਪਣਾ ਧੁਨੀਆਤਮਕ, ਰੂਪਾਂਤਮਿਕ, ਵਾਕਾਤਮਿਕ, ਭਾਵਾਤਮਿਕ ਸੰਜਮ ਹੁੰਦਾ ਹੈ। ਇਹ ਸਮੱਗਰੀ ਸਿੱਖਿਆਤਮਕ ਅਤੇ ਵਿਧੀ ਅਨੁਸਾਰ ਕਾਰਜਕ੍ਰਮ ਦੁਆਰਾ ਤਿਆਰ ਕੀਤੀ ਗਈ ਹੁੰਦੀ ਹੈ। ਸਿਖਿਆਤਮਕ ਕਾਰਜ ਤੋਂ ਭਾਵ ਟੀਚਾ ਭਾਸ਼ਾ ਦਾ ਭਾਸ਼ਾਈ, ਭਾਸ਼ਾਈ ਸਮੱਗਰੀ ਦੀ ਲੋੜ ਅਨੁਸਾਰ ਜੋੜ-ਤੋੜ ਕਰਨਾ।

ਵਿਧੀ ਅਨੁਸਾਰ ਕਾਰਜਕ੍ਰਮ ਤੋਂ ਪਤਾ ਲੱਗਦਾ ਹੈ ਕਿ ਇਹ ਕਿਵੇਂ ਪੜ੍ਹਾਇਆ ਜਾਣਾ ਹੈ? ਮਾਧਿਅਮ ਦੀ ਭਾਸ਼ਾ, ਪੜ੍ਹਾਈ ਜਾ ਰਹੀ ਭਾਸ਼ਾ, ਵਿਦਿਆਰਥੀ ਦੀ ਮਾਤ-ਭਾਸ਼ਾ ਵਿੱਚੋਂ ਸਮਾਨ ਧੁਨੀਆਂ ਲੈ ਕੇ ਭਾਸ਼ਾ ਦੀ ਸਿਖਲਾਈ ਦੇਣੀ ਚਾਹੀਦੀ ਹੈ। ਜਦੋਂ ਗੈਰ ਪੰਜਾਬੀਆਂ ਜਾਂ ਵਿਦੇਸ਼ੀਆਂ ਨੂੰ ਭਾਸ਼ਾ ਦੀ ਸਿੱਖਿਆ ਦਿੱਤੀ ਜਾਂਦੀ ਹੈ ਤਾਂ ਸਭ ਤੋਂ ਵੱਡੀ ਸਮੱਸਿਆ ਉਚਾਰਨ ਸਿਖਾਉਣ ਦੀ ਹੁੰਦੀ ਹੈ। ਪਹਿਲਾ ਗੁਰਮੁਖੀ ਲਿਪੀ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਫਿਰ ਵਾਕਾਤਮਿਕ ਸੰਜਮ ਅਨੁਸਾਰ ਸੌਖੇ ਵਾਕ ਅਤੇ ਪਾਠ ਤਿਆਰ ਕਰਨੇ ਸਿਖਾਏ ਜਾਂਦੇ ਹਨ ਅਤੇ ਲੋੜ ਅਨੁਸਾਰ ਨਵੀਂ ਸ਼ਬਦਾਵਲੀ ਸਿਖਾਈ ਜਾਂਦੀ ਹੈ। ਪੰਜਾਬੀ ਭਾਸ਼ਾ ਪੜ੍ਹਾਉਣ ਲਈ ਪਾਠ ਤਿਆਰ ਕਰਦਿਆਂ ਅਤੇ ਭਾਸ਼ਾ ਪੜ੍ਹਾਉਂਦਿਆਂ ਇਹ ਜ਼ਰੂਰੀ ਹੈ ਕਿ ਭਾਸ਼ਾ ਪੜ੍ਹ ਰਹੇ ਵਿਦਿਆਰਥੀ ਦੇ ਸਮਾਜਿਕ ਸੰਬੰਧਾਂ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਸ਼ਬਦਾਵਲੀ ਦੇ ਸਹੀ ਅਰਥ ਸੌਖੀ ਤਰ੍ਹਾਂ ਸਮਝ ਆ ਸਕਣ। ਜਦੋਂ ਵਿਦੇਸ਼ੀ ਭਾਸ਼ਾ ਵਜੋਂ ਪੰਜਾਬੀ ਭਾਸ਼ਾ ਦਾ ਅਧਿਆਪਨ ਕਰਵਾਇਆ ਜਾਂਦਾ ਹੈ ਤਾਂ ਪੰਜਾਬੀ ਭਾਸ਼ਾ ਦੀਆਂ ਧੁਨੀਆਂ ਦਾ ਉਚਾਰਨ ਕਰਵਾਉਂਦੇ ਸਮੇਂ ਵਿਦਿਆਰਥੀ ਦੀ ਮਾਤ-ਭਾਸ਼ਾ ਵਿੱਚੋਂ ਮਿਲਦੀਆਂ ਜੁਲਦੀਆਂ ਧੁਨੀਆਂ ਦੀ ਪਛਾਣ ਕਰਕੇ ਹੀ ਉਨ੍ਹਾਂ ਦਾ ਉਚਾਰਨ ਪਹਿਲਾਂ ਸਿਖਾਇਆ ਜਾਣਾ ਚਾਹੀਦਾ ਹੈ, ਬਾਅਦ ਵਿੱਚ ਹੀ ਓਪਰੀਆਂ ਤੇ ਮੁਸ਼ਕਿਲ ਧੁਨੀਆਂ ਦਾ ਉਚਾਰਨ ਸਿਖਾਉਣਾ ਚਾਹੀਦਾ ਹੈ। ਜਦੋਂ ਵਿਦੇਸ਼ੀਆਂ ਨੂੰ ਪੰਜਾਬੀ ਭਾਸ਼ਾ ਦੀ ਸਿੱਖਿਆ ਦਿੱਤੀ ਜਾਂਦੀ ਹੈ ਤਾਂ ਉਨ੍ਹਾਂ ਨੂੰ ਪੰਜਾਬੀ ਭਾਸ਼ਾ ਦੇ ਇਤਿਹਾਸ ਬਾਰੇ ਥੋੜ੍ਹੀ ਬਹੁਤੀ ਜਾਣਕਾਰੀ ਦੇਣੀ ਚਾਹੀਦੀ ਹੈ ਤਾਂ ਕਿ

ਭਾਸ਼ਾ ਦੀਆਂ ਧੁਨੀਆਂ ਪੱਖੋਂ ਆਉਣ ਵਾਲੀਆਂ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ। ਵਿਦੇਸ਼ੀਆਂ ਨੂੰ ਪੰਜਾਬੀ ਪੜ੍ਹਾਉਣ ਦੇ ਨਾਲ-ਨਾਲ, ਭਾਰਤੀ ਪ੍ਰਸੰਗ ਵਿੱਚ, ਭਾਰਤ ਦੇ ਵੱਖੋ-ਵੱਖ ਭੂਗੋਲਿਕ ਖੇਤਰਾਂ ਅਰਥਾਤ ਭਾਰਤੀ ਆਰੀਆ ਭਾਸ਼ਾਵਾਂ ਵਾਲੇ ਖੇਤਰਾਂ ਅਤੇ ਦ੍ਰਾਵੜੀ ਭਾਸ਼ਾਵਾਂ ਵਾਲੇ ਖੇਤਰਾਂ ਦੇ ਸਬੰਧ ਵਿੱਚ ਵਿਚਾਰਨਾ ਵੀ ਬਹੁਤ ਫਾਇਦੇਮੰਦ ਹੋ ਸਕਦਾ ਹੈ।

ਅਧਿਆਪਨ ਵਿਧੀਆਂ ਦੀਆਂ ਸੀਮਾਵਾਂ ਸਮਝਦੇ ਹੋਏ ਅਧਿਆਪਨ ਕਾਰਜ ਸਮੇਂ ਹਰ ਪ੍ਰਕਾਰ ਦੀ ਵਿਧੀ ਨੂੰ ਜ਼ਰੂਰ ਵਰਤ ਲੈਣਾ ਚਾਹੀਦਾ ਹੈ ਤਾਂ ਕਿ ਹਰੇਕ ਵਿਧੀ ਤੋਂ ਬਣਦਾ ਲਾਭ ਪ੍ਰਾਪਤ ਕੀਤਾ ਜਾ ਸਕੇ। ਅਧਿਆਪਨ ਵਿਧੀਆਂ ਵਿੱਚ ਖਾਮੀਆਂ ਹੋਣ ਦੇ ਬਾਵਜੂਦ ਵੀ ਭਾਸ਼ਾ ਅਧਿਆਪਨ ਦੇ ਕੁਝ ਹਿੱਸੇ ਨੂੰ ਸਿਖਾਉਣ ਦੇ ਯੋਗ ਹਨ। ਜਿਵੇਂ ਅਨੁਵਾਦ ਵਿਧੀ ਸ਼ਬਦਾਂ ਦੇ ਕੋਸ਼ਗਤ ਅਰਥਾਂ ਦੇ ਅਨੁਵਾਦ ਲਈ ਲਾਹੇਵੰਦ ਹੈ ਪ੍ਰਸੰਗ੍ਰਿਕ ਅਰਥਾਂ ਲਈ ਨਹੀਂ ਜਿਵੇਂ 'ਜਾਂਦਾ' ਸ਼ਬਦ ਕਿਰਿਆ ਵਾਚਕ ਹੈ, ਜਿਸ ਦਾ ਕੋਸ਼ਗਤ ਅਰਥ 'ਜਾਣਾ, ਤੁਰਨਾ' ਹੈ 'ਜਾਂਦਾ' ਸ਼ਬਦ `Goes` ਦੇ ਅਰਥਾਂ ਵਿੱਚ ਲਿਆ ਜਾਂਦਾ ਹੈ। 'ਉਹ ਰੋਈ ਜਾਂਦਾ ਹੈ' ਵਾਕ ਵਿੱਚ 'ਜਾਂਦਾ' ਦੇ ਅਰਥ 'ਨਿਰੰਤਰਤਾ' ਵਿੱਚ ਤਬਦੀਲ ਹੋ ਗਏ। ਇਸ ਲਈ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੇ ਕੋਸ਼ਗਤ ਅਰਥ ਅਤੇ ਪ੍ਰਸੰਗਿਕ ਅਰਥਾਂ ਵਿੱਚ ਅੰਤਰ ਆ ਜਾਂਦਾ ਹੈ। ਪੰਜਾਬੀ ਭਾਸ਼ਾ ਦੇ ਅਧਿਆਪਨ ਦੇ ਖੇਤਰ ਵਿੱਚ ਕੁਝ ਸਮੱਸਿਆਵਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ ਪਰ ਫਿਰ ਵੀ ਇਨ੍ਹਾਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਪੰਜਾਬ ਦੀਆਂ ਯੂਨੀਵਰਸਿਟੀਆਂ, ਸਿੱਖਿਆ ਵਿਭਾਗਾਂ, ਸ੍ਵੈਯਤਨਾਂ ਨਾਲ ਸੈਮੀਨਾਰਾਂ, ਪੰਜਾਬੀ ਕਾਨਫਰੰਸਾਂ, ਖੋਜ ਆਦਿ ਸਮੇਂ-ਸਮੇਂ ਕਰਵਾ ਰਹੀਆਂ ਹਨ।

## ਹਵਾਲਾ ਅਤੇ ਟਿੱਪਣੀ


1. ਡਾ. ਗੁਰਨਾਮ ਸਿੰਘ (ਸੰਪਾਦਕ), ਪੰਜਾਬੀ ਭਾਸ਼ਾ ਸਾਹਿਤ, ਸਭਿਆਚਾਰ, ਕਲਾ ਅਤੇ ਪੰਜਾਬੀ ਅਧਿਆਪਨ (11ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ) ਪੰਨਾ: 383

## ਅਧਿਆਇ-2

# ਪੰਜਾਬੀ ਭਾਸ਼ਾ ਦਾ ਦੂਸਰੀ ਵਜੋਂ ਅਧਿਆਪਨ

ਮਾਤ ਭਾਸ਼ਾ ਤੋਂ ਇਲਾਵਾ ਹਰ ਭਾਸ਼ਾ ਨੂੰ ਦੂਸਰੀ ਭਾਸ਼ਾ ਮੰਨਿਆ ਜਾਂਦਾ ਹੈ। ਮਾਤ-ਭਾਸ਼ਾ ਬੱਚਾ ਆਪਣੇ ਚੌਗਿਰਦੇ ਤੋਂ ਸਹਿਜ-ਸੁਭਾਅ ਗ੍ਰਹਿਣ ਕਰ ਲੈਂਦਾ ਹੈ।

> *"ਮਾਤ ਭਾਸ਼ਾ" ਕਿਸੇ ਭਾਸ਼ਾਈ ਸਮਾਜ ਵਿੱਚ ਵਰਤੀ ਜਾਣ ਵਾਲੀ ਭਾਸ਼ਾ ਦਾ ਉਹ ਵਰਤਾਰਾ ਹੈ ਜਿਸ ਵਿੱਚ ਭਾਸ਼ਾਵਾਂ ਦੇ ਸਾਂਝੇ ਤੱਤ ਸ਼ਾਮਿਲ ਹੁੰਦੇ ਹਨ। ਮਾਤ ਭਾਸ਼ਾ ਬਾਰੇ ਇਹ ਧਾਰਨਾ ਹੈ ਕਿ ਮਾਤ-ਭਾਸ਼ਾ ਅਚੇਤ ਰੂਪ ਵਿੱਚ ਗ੍ਰਹਿਣ ਕੀਤੀ ਜਾਂਦੀ ਹੈ ਜਦਕਿ ਦੂਸਰੀ ਭਾਸ਼ਾ ਨੂੰ ਸਿੱਖਣ ਲਈ ਸੁਚੇਤ ਤੌਰ 'ਤੇ ਯਤਨ ਕਰਨੇ ਪੈਂਦੇ ਹਨ।"* [1]

ਮਾਤ-ਭਾਸ਼ਾ ਦਾ ਸੰਪੂਰਨ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਪੰਜਾਬ ਵਿੱਚ ਲਿਖਤ ਅਤੇ ਮੌਖਿਕ ਸੰਚਾਰ ਲਈ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ।

ਦੂਸਰੀ ਭਾਸ਼ਾ ਦੀ ਸਿੱਖਿਆ ਤੋਂ ਭਾਵ ਭਾਸ਼ਾ ਨੇਮਾਂ ਦਾ ਗਿਆਨ ਪ੍ਰਾਪਤ ਕਰਕੇ ਉਨ੍ਹਾਂ ਦੀ ਉਚਿਤ ਵਰਤੋਂ ਕਰਨਾ ਭਾਵ ਸ਼ਬਦਾਵਲੀ ਦੀ ਵਰਤੋਂ ਕਦੋਂ, ਕਿੱਥੇ, ਕਿਵੇਂ ਕਰਨੀ ਹੈ? ਭਾਸ਼ਾ ਬੁਲਾਰੇ ਦੇ ਉਚਾਰਨ ਨਾਲ ਚਿਹਰੇ ਦੇ ਹਾਵ-ਭਾਵ ਅਤੇ ਸੰਕੇਤ ਵੀ ਭਾਸ਼ਾ ਦੀ ਸਿੱਖਿਆ ਦਾ ਅਹਿਮ ਹਿੱਸਾ ਹਨ।

ਮਾਤ ਭਾਸ਼ਾ ਦੇ ਮੁਕਾਬਲੇ ਦੂਜੀ ਭਾਸ਼ਾ ਸਿੱਖਣ ਲਈ ਵਿਸ਼ੇਸ਼ ਯਤਨ ਕਰਨੇ ਪੈਂਦੇ ਹਨ। ਭਾਸ਼ਾ ਸਿੱਖਿਆ, ਸਿਖਿਆਰਥੀ ਦੀ ਰੁਚੀ ਅਤੇ ਵਿਵਹਾਰ ਤੇ ਨਿਰਭਰ ਕਰਦੀ ਹੈ। ਬਿਨਾਂ ਰੁਚੀ ਤੋਂ ਭਾਸ਼ਾ ਪ੍ਰਾਪਤੀ ਵਿਚ ਸਫਲਤਾ ਨਹੀਂ ਹਾਸਿਲ ਹੋ ਸਕਦੀ ਹੈ।

ਮਨੁੱਖ ਕਿਸੇ ਵੀ ਭਾਸ਼ਾ ਨੂੰ ਪਹਿਲਾਂ ਬੋਲਣਾ ਸਿੱਖਦਾ ਹੈ ਅਤੇ ਲਿਖਣ ਅਤੇ ਪੜ੍ਹਨ ਦਾ ਕੌਸ਼ਲ ਬਾਅਦ ਵਿੱਚ ਸਿੱਖਦਾ ਹੈ। ਦੂਸਰੀ ਭਾਸ਼ਾ ਦੀ ਸਿੱਖਿਆ ਗ੍ਰਹਿਣ ਲਈ ਸੰਚਾਰ ਅਤੇ ਸ਼ਾਬਦਿਕ ਅਰਥਾਂ ਤੇ ਖਾਸ ਧਿਆਨ ਦੇਣਾ ਚਾਹੀਦਾ ਹੈ। ਸੰਚਾਰ ਪ੍ਰਕਿਰਿਆ ਅਤੇ ਸਿੱਖਣ ਲਈ ਸੰਪੂਰਨ ਸਮਝ, ਉਚਾਰਨ, ਪੜ੍ਹਨ ਅਤੇ ਲਿਖਣ ਆਦਿ ਕੌਸ਼ਲਾਂ ਦਾ ਗਿਆਨ ਗ੍ਰਹਿਣ ਕਰਨਾ ਜ਼ਰੂਰੀ ਹੈ।

> *"ਪੜ੍ਹਨਾ ਅਤੇ ਲਿਖਣਾ ਦੋ ਅਜਿਹੇ ਕੌਸ਼ਲ ਹਨ ਜਿਨ੍ਹਾਂ ਨੂੰ ਸਿੱਖਣ ਲਈ ਉਚੇਚੇ ਯਤਨ ਕਰਨੇ ਹੀ ਪੈਣਗੇ। ਕੁਝ ਭਾਸ਼ਾ ਵਿਗਿਆਨ ਇਸ ਧਾਰਨਾ ਨੂੰ ਠੀਕ ਸਮਝਦੇ ਹਨ ਕਿ ਪੂਰੀ ਤਰ੍ਹਾਂ ਨਿਪੁੰਨਤਾ ਹਾਸਲ ਕਰਨ ਲਈ ਮਾਤ ਭਾਸ਼ਾ ਦੀ ਸਿੱਖਿਆ ਦੇਣ ਲਈ ਵੀ ਦੂਜੀ ਭਾਸ਼ਾ ਦੇ ਅਧਿਆਪਨ ਦੀਆਂ ਵਿਧੀਆਂ ਅਤੇ ਤਕਨੀਕਾਂ ਦੀ ਵਰਤੋਂ ਕਰਨੀ ਜ਼ਰੂਰੀ ਹੈ।"* [2]

ਦੂਜੀ ਭਾਸ਼ਾ ਗ੍ਰਹਿਣ ਕਰਨਾ ਜ਼ਿਆਦਾਤਰ ਮਾਂ-ਬੋਲੀ ਸਿੱਖਣ ਦੇ ਬਰਾਬਰ ਪ੍ਰਕਾਰਜ ਹੈ। ਬੱਚਾ ਸਮਾਜ ਵਿੱਚ ਵਿਚਰ ਰਹੇ ਭਾਸ਼ਾ ਬੁਲਾਰਿਆਂ ਤੋਂ ਬੋਲਣਾ ਤਾਂ ਸਿੱਖ ਲਵੇਗਾ, ਪਰ ਪੜ੍ਹਨ, ਲਿੱਖਣ ਦਾ ਕੌਸ਼ਲ ਉਹ ਰਸਮੀ ਢੰਗ ਨਾਲ ਹੀ ਪ੍ਰਾਪਤ ਕਰ ਸਕੇਗਾ, ਡਾ. ਪਰਮਜੀਤ ਸਿੰਘ ਸਿੱਧੂ ਅਨੁਸਾਰ

> *"ਸਕੂਲ ਦੇ ਕਲਾਸਰੂਮ ਵਿੱਚ ਵਿਦਿਆਰਥੀ ਇਸ ਨੂੰ ਕੁਦਰਤੀ ਦੀ ਥਾਂ ਬਨਾਵਟੀ ਆਲੇ-ਦੁਆਲੇ ਵਿੱਚੋਂ ਸਿੱਖਦਾ ਹੈ"* [3]

ਦੂਜੀ ਭਾਸ਼ਾ ਦਾ ਅਧਿਆਪਨ ਕਲਾਸ ਦੇ ਕਮਰੇ ਦੀਆਂ ਹੱਦਾਂ ਵਿੱਚ ਰਹਿ ਕੇ ਕੀਤਾ ਜਾਂਦਾ ਹੈ। ਸਿਖਿਆਰਥੀ ਬਨਾਵਟੀ ਭਾਸ਼ਾਈ ਸਮੱਗਰੀ ਦਾ ਸਾਹਮਣਾ ਕਰਦਾ ਹੈ ਜੋ ਟੀਚਾ ਭਾਸ਼ਾ ਦੇ ਕਾਰਜ-ਕ੍ਰਮ ਅਨੁਸਾਰ ਹੁੰਦੀ ਹੈ। ਟੀਚਾ ਭਾਸ਼ਾ ਦੇ ਅਧਿਆਪਨ ਲਈ ਪ੍ਰਯੋਗ ਸਮੱਗਰੀ ਸਿਖਿਆਰਥੀ ਦੇ ਰੋਜ਼ਾਨਾ ਵਰਤੋਂ ਵਿਹਾਰ ਨਾਲ ਸੰਬੰਧਿਤ ਹੋਣੀ ਚਾਹੀਦੀ ਹੈ। ਬੇ-ਪਛਾਣ ਅਤੇ ਅਣਵਰਤੀ ਸਮੱਗਰੀ ਤੋਂ ਸਿਖਿਆਰਥੀ ਉਕਤਾ ਜਾਣਗੇ। ਜੇਕਰ ਰਾਜਸਥਾਨ ਦੇ ਵਿਦਿਆਰਥੀ ਨੂੰ ਪੰਜਾਬੀ ਭਾਸ਼ਾ ਦੀ ਸਿੱਖਿਆ ਦੇਣੀ ਹੈ ਤਾਂ ਅਧਿਆਪਨ ਸਮੱਗਰੀ ਵਿਦਿਆਰਥੀ ਦੇ ਸਥਾਨਕ ਜੀਵਨ ਢੰਗ ਵਿੱਚੋਂ ਚੁਣੀ ਜਾਣੀ ਚਾਹੀਦੀ ਹੈ। ਜਦੋਂ ਸਿੱਖਿਆਰਥੀ ਟੀਚਾ ਭਾਸ਼ਾ ਬਾਰੇ ਆਧਾਰਭੂਤ ਗਿਆਨ ਪ੍ਰਾਪਤ ਕਰ ਲਵੇ ਤਾਂ ਸਹਿਜੇ ਹੀ ਉਪਲੱਭਦ ਸਮੱਗਰੀ ਨੂੰ ਪੰਜਾਬੀ ਜੀਵਨ-ਜਾਚ ਨਾਲ ਸੰਬੰਧਿਤ ਕਰ ਲਿਆ ਜਾਵੇ ਜਾਂ ਸੰਬਧਿਤ ਸਮੱਗਰੀ ਨੂੰ ਸ਼ਾਮਿਲ ਕਰ ਲਿਆ ਜਾਵੇ ਕਿਉਂਕਿ ਟੀਚਾ ਭਾਸ਼ਾ ਦਾ ਸਹੀ ਅਤੇ ਸਪੱਸ਼ਟ ਗਿਆਨ ਸੰਬੰਧਤ ਸਭਿਆਚਾਰਕ ਸਮੱਗਰੀ ਰਾਹੀਂ ਹੀ ਦਿੱਤਾ ਜਾ ਸਕਦਾ ਹੈ।

ਕਾਰਜ ਖੇਤਰ ਅਨੁਸਾਰ ਬੋਲੀ ਬਦਲ ਜਾਂਦੀ ਹੈ ਜਿਵੇਂ ਘਰ ਵਿੱਚ, ਗੁਆਂਢੀਆਂ ਨਾਲ, ਨੌਕਰੀ ਸਮੇਂ, ਦੋਸਤਾਂ ਨਾਲ ਵਰਤੀ ਗਈ ਸ਼ਬਦਾਵਲੀ ਵਿੱਚ ਅੰਤਰ ਹੁੰਦਾ ਹੈ। ਵੱਖ-ਵੱਖ ਕਿਸਮਾਂ ਦੇ ਰੂਪਾਤਰਾਂ ਨੂੰ ਤਕਨੀਕੀ ਸ਼ਬਦਾਵਲੀ ਵਿਚ ਰਜਿਸਟਰ (Register) ਕਹਿੰਦੇ ਹਨ। ਰਜਿਸਟਰ ਵਿੱਚ ਸ਼ਬਦਾਵਲੀ ਅੰਤਰ ਪਾਏ ਜਾਂਦੇ ਹਨ। ਇਹ ਅੰਤਰ ਵਿਸ਼ੇਸ਼ ਸ਼ਬਦਾਵਲੀ ਦੀ ਵਰਤੋਂ ਜਾਂ ਸ਼ਬਦਾਂ ਦੀ ਖਾਸ ਭਾਵਨਾ ਨਾਲ ਸੰਬੰਧਿਤ ਹੁੰਦੇ ਹਨ। ਜਿਵੇਂ ਪਤਲੀ ਪਾਈਪ ਨੂੰ ਨਾਲੀ ਕਹਿ ਦਿੰਦੇ। ਘਰ ਵਿੱਚੋਂ ਪਾਣੀ ਦੇ ਨਿਕਾਸ ਲਈ ਬਣੀ ਇੱਟਾਂ ਦੀ 'ਨਾਲੀ'। ਰਜਿਸਟਰ ਦਾ ਸੰਬੰਧ ਗੱਲਬਾਤ ਨਾਲ ਹੁੰਦਾ ਹੈ। ਵੱਖ-ਵੱਖ ਰਜਿਸਟਰ ਸ਼ੈਲੀ ਅਨੁਸਾਰ ਵੱਖ-ਵੱਖ ਹੋ ਜਾਂਦੇ ਹਨ। ਜਿਵੇਂ ਪਾਣੀ ਜੋ ਸਧਾਰਨ ਵਰਤੋਂ ਵਿਚ ਆਉਂਦਾ ਹੈ। ਪਰ ਗੁਰਦੁਆਰੇ ਵਿਚ ਪੀਣ ਵਾਲੇ ਪਾਣੀ ਲਈ 'ਜਲ' ਸ਼ਬਦ ਦੀ ਵਰਤੋਂ ਹੁੰਦੀ ਹੈ। 'ਜਲ' ਲਈ 'ਅੰਮ੍ਰਿਤ' ਸ਼ਬਦ ਦੀ ਵਰਤੋਂ ਨਾਲ ਮਾਨਸਿਕ ਭਾਵਨਾਵਾਂ ਤਹਿਤ ਧਾਰਮਿਕਤਾ ਅਤੇ ਪਵਿੱਤਰਤਾ ਦਾ ਵਾਚਕ ਬਣ ਜਾਂਦਾ ਹੈ।

ਸਭਿਆਚਾਰ ਅਤੇ ਭਾਸ਼ਾ ਦਾ ਦੋਵੇਂ ਅੰਤਰ ਸੰਬੰਧਿਤ ਅਨੁਸਾਸ਼ਨ ਹਨ। ਸਭਿਆਚਾਰ ਦੇ ਗਿਆਨ ਤੋਂ ਬਿਨਾਂ ਭਾਸ਼ਾ ਦਾ ਸਿੱਖਿਆ ਅਧੂਰੀ ਰਹਿੰਦੀ ਹੈ। ਦੋਵੇਂ ਮਨੁੱਖ ਸਿਰਜਿਤ ਪ੍ਰਬੰਧ ਹਨ। ਸਭਿਆਚਾਰ ਅਤੇ ਭਾਸ਼ਾ ਦੀ ਸਿਰਜਣਾ ਵਿੱਚ ਸਮੂਹਿਕ ਅਵਚੇਤਨ ਦਾ

ਭਾਰੂ ਯੋਗਦਾਨ ਰਿਹਾ ਹੈ। ਭਾਸ਼ਾ ਬੁਲਾਰਿਆਂ ਦੇ ਜੀਵਨ ਵਿੱਚ ਸ਼ਬਦਾਂ ਦੀ ਸਿਰਜਣਾ ਅਤੇ ਉਚਿਤ ਅਰਥਾਂ ਦੀ ਇੱਕ ਨਿਸ਼ਚਿਤ ਥਾਂ ਹੁੰਦੀ ਹੈ। ਦੂਜੀ ਭਾਸ਼ਾ ਦੇ ਸਿਖਿਆਰਥੀ ਲਈ ਇਸ ਦੀ ਜਾਣਕਾਰੀ ਆਵਸ਼ਕ ਹੈ। ਜਿਵੇਂ ਮਿਸਾਲ ਵਜੋਂ ਪੰਜਾਬੀ ਭਾਸ਼ਾ ਵਿੱਚ "ਬਰਫ" ਸ਼ਬਦ ਪ੍ਰਚਲਿਤ ਹੈ ਪਰ ਅੰਗਰੇਜ਼ੀ ਭਾਸ਼ਾ ਵਿੱਚ ice ਅਤੇ Snow ਦੋ ਸ਼ਬਦ ਪ੍ਰਚਲਿਤ ਹਨ। ਪੰਜਾਬੀ ਭਾਸ਼ਾ ਵਿੱਚ ਹਰੇਕ ਰਿਸ਼ਤੇ ਲਈ ਵੱਖਰਾ ਸ਼ਬਦ ਪ੍ਰਚਲਿਤ ਹੈ ਜਿਵੇਂ ਚਾਚਾ-ਚਾਚੀ, ਤਾਇਆ-ਤਾਈ, ਮਾਮਾ-ਮਾਮੀ, ਭੂਆ-ਫੁੱਫੜ ਆਦਿ ਜਦ ਕਿ ਅੰਗਰੇਜ਼ੀ ਭਾਸ਼ਾ ਵਿੱਚ ਇਕ ਸਾਂਝਾ ਸ਼ਬਦ ਅੰਕਲ-ਅੰਟੀ (uncle-Aunt) ਵਰਤ ਲਿਆ ਜਾਂਦਾ ਹੈ। ਅਰਥ ਇਕ ਸੱਭਿਆਚਾਰ ਵਿੱਚ ਵਿਸ਼ੇਸ਼ ਸੰਬੰਧਾਂ ਵਿੱਚ ਬੱਝੇ ਹੁੰਦੇ ਹਨ, ਟੀਚਾ ਭਾਸ਼ਾ ਦੇ ਸ਼ਬਦ ਅਤੇ ਅਰਥ ਸਿਰਜਣਾ ਨੂੰ ਸਿੱਖਣ ਸਮੇਂ ਸੱਭਿਆਚਾਰਕ ਪ੍ਰਸੰਗ ਨੂੰ ਸਮਝਣਾ ਜ਼ਰੂਰੀ ਹੈ। ਪੰਜਾਬੀ ਭਾਸ਼ਾ ਨੂੰ ਦੂਸਰੀ ਭਾਸ਼ਾ ਵਜੋਂ ਗ੍ਰਹਿਣ ਕਰਤਾ ਨੂੰ ਇਹ ਫਰਕ ਸਮਝਣੇ ਪੈਣਗੇ। ਡਾ. ਜਸਵਿੰਦਰ ਸਿੰਘ ਅਨੁਸਾਰ,

> *"ਵਿਸ਼ੇਸ਼ ਭਾਸ਼ਾ ਦਾ ਮੂਲ ਚਰਿੱਤਰ ਉਸ ਸਭਿਆਚਾਰ ਦੇ ਮੂਲ ਸਾਰ ਅਨੁਸਾਰ ਹੁੰਦਾ ਹੈ ਅਤੇ ਦੋ ਵੱਖੋ-ਵੱਖ ਸੱਭਿਆਚਾਰਾਂ ਅਤੇ ਦੋ ਵੱਖੋ ਵੱਖਰੀਆਂ ਭਾਸ਼ਾਵਾਂ ਵਿੱਚ ਇਨ੍ਹਾਂ ਦਾ ਵਿਗਿਆਨਕ ਸੰਦਾਂ ਵਾਂਗ ਮਕਾਨਕੀ ਬਦਲ ਸੰਭਵ ਨਹੀਂ।"* [4]

ਹਰ ਸੱਭਿਆਚਾਰ ਵਿਚ ਸ਼ਬਦਾਂ ਦੀ ਵਰਤੋਂ ਨਿਵੇਕਲੀ ਹੁੰਦੀ ਹੈ ਜਿਵੇਂ "ਸਤਿ ਸ੍ਰੀ ਅਕਾਲ" ਵਿੱਚ ਸੰਮਲਿਤ ਸ਼ਬਦ ਸਿੱਖ ਸੱਭਿਆਚਾਰ ਵਿਚ ਜਿੰਨੀ ਮਹੱਤਤਾ ਰੱਖਦੇ ਹੋਰ ਕਿਸੇ ਸੱਭਿਆਚਾਰ ਵਿਚ ਨਹੀਂ।

## ਦੂਸਰੀ ਭਾਸ਼ਾ ਸਿੱਖਣ ਦੇ ਉਦੇਸ਼

ਦੂਸਰੀ ਭਾਸ਼ਾ ਸਿੱਖਣ ਦੇ ਉਦੇਸ ਵੱਖ-ਵੱਖ ਸਿੱਖਿਆਰਥੀਆਂ ਲਈ ਵੱਖ-ਵੱਖ ਹੋ ਸਕਦੇ ਹਨ ਜਿਵੇਂ

* ਦੂਸਰੀ ਭਾਸ਼ਾ ਸਾਹਿਤ ਪੜ੍ਹਨ ਦੇ ਉਦੇਸ਼ ਵਜੋਂ ਗ੍ਰਹਿਣ ਕਰਨਾ।
* ਦੂਸਰੀ ਭਾਸ਼ਾ ਦਾ ਗਿਆਨ ਅੰਤਰ-ਰਾਸ਼ਟਰੀ ਸੰਚਾਰ ਲਈ ਗ੍ਰਹਿਣ ਕਰਨਾ।
* ਖੋਜ ਕਰਨ ਲਈ
* ਵਿਗਿਆਨਕ ਰਿਪੋਰਟਾਂ ਤੱਕ ਪਹੁੰਚ ਕਰਨ ਲਈ।
* ਪਾਠ-ਕ੍ਰਮ ਦੇ ਭਾਗ ਵਜੋਂ।
* ਇਤਿਹਾਸਕ ਪਿਛੋਕੜ ਦੇ ਗਿਆਨ ਲਈ।

ਦੂਜੀ ਭਾਸ਼ਾ ਦੇ ਅਧਿਆਪਕ ਲਈ ਇਹ ਜ਼ਰੂਰੀ ਹੈ ਉਹ ਸਿਖਿਆਰਥੀ ਦੇ ਉਦੇਸ਼ ਤੋਂ ਪੂਰਨ ਰੂਪ ਵਿੱਚ ਜਾਣੂ ਹੋਵੇ ਤਾਂ ਜੋ ਟੀਚਾ ਭਾਸ਼ਾ ਸੰਬੰਧੀ ਨਿਸ਼ਚਿਤ ਅਤੇ ਉਚਿਤ ਸਮੱਗਰੀ ਦਾ ਇਕੱਤਰੀਕਰਨ ਕੀਤਾ ਜਾ ਸਕੇ। ਵੱਖ-ਵੱਖ ਖੇਤਰਾਂ ਨਾਲ ਸੰਬੰਧਿਤ ਸਮੱਗਰੀ ਵਿੱਚ ਵੀ ਅੰਤਰ ਹੋਵੇਗਾ। ਸਾਹਿਤ ਦੀ ਜਾਣਕਾਰੀ ਲਈ ਭਾਸ਼ਾ ਅਧਿਆਪਨ

ਦੀ ਸਮੱਗਰੀ ਵੱਖਰੀ ਹੋਵੇਗੀ। ਆਰਥਿਕਤਾ ਦੇ ਮਕਸਦ ਨਾਲ ਸੰਬੰਧਿਤ ਸਮੱਗਰੀ ਵਿਭਿੰਨ ਹੋਵੇਗੀ। ਰਾਜਨੀਤੀ ਦੇ ਮਕਸਦ ਨਾਲ ਸੰਬੰਧਿਤ ਸਮੱਗਰੀ ਵੱਖ ਹੋਵੇਗੀ। ਇਸ ਅਧੀਨ ਸਭ ਤੋਂ ਪਹਿਲਾਂ ਟੀਚਾ ਭਾਸ਼ਾ ਦੇ ਪਾਠ ਵਿੱਚ ਆਉਣ ਵਾਲੀ ਸ਼ਬਦਾਵਲੀ ਦੇ ਅਰਥਾਂ ਦੀ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ।

> *"ਅੰਗਰੇਜ਼ੀ ਬੁਲਾਰਾ ਜਦੋਂ ਪੰਜਾਬੀ ਨੂੰ ਵਿਦੇਸ਼ੀ ਭਾਸ਼ਾ ਵਜੋਂ ਪੜ੍ਹਦਾ ਹੈ ਉਸ ਲਈ Marriage ਦੇ ਮੁਕਾਬਲੇ ਵਿਆਹ, ਨਿਕਾਹ ਅਤੇ ਆਨੰਦ-ਕਾਰਜ ਵਰਗੇ ਸ਼ਬਦਾਂ ਦੀ ਪੰਜਾਬੀ ਜ਼ਿੰਦਗੀ ਵਿੱਚ ਮਹੱਤਤਾ ਨੂੰ ਸਮਝਣਾ ਜ਼ਰੂਰੀ ਹੈ। ਇਸੇ ਤਰ੍ਹਾਂ ਸਧਾਰਨ ਸ਼ਬਦਾਵਲੀ ਰੋਟੀ ਖਾਣਾ ਤੇ Breakfast, Lunch, Dinner, Supper ਆਦਿ ਦੇ ਵਖਰੇਵੇਂ ਨੂੰ ਵੀ ਜਾਣਨਾ ਜ਼ਰੂਰੀ ਹੈ।"* [5]

ਟੀਚਾ ਭਾਸ਼ਾ ਦੇ ਅਧਿਆਪਨ ਨਾਲ ਸ਼ਬਦਾਵਲੀ ਜਾਂ ਵੱਖ-ਵੱਖ ਖੇਤਰਾਂ ਨਾਲ ਸੰਬੰਧਿਤ ਸ਼ਬਦਾਵਲੀ ਮਾਂ- ਬੋਲੀ ਨਾਲੋਂ ਵਿਭਿੰਨਤਾ ਰੱਖਦੀ ਹੈ, ਜਿਸਦੇ ਅਰਥਾਂ ਨੂੰ ਸਪੱਸ਼ਟ ਕਰਨਾ ਜ਼ਰੂਰੀ ਹੈ।

## ਦੂਸਰੀ ਭਾਸ਼ਾ ਦਾ ਵਿਦਿਆਰਥੀ:

ਦੂਸਰੀ ਭਾਸ਼ਾ ਦੀ ਸਿੱਖਿਆ, ਵਿਦਿਆਰਥੀ ਆਪਣੇ ਗਿਆਨ ਵਿੱਚ ਵਾਧਾ ਕਰਨ ਲਈ ਪ੍ਰਾਪਤ ਕਰਦਾ ਹੈ। ਕਈ ਵਾਰ ਵਿਦਿਆਰਥੀ ਦੂਸਰੀਆਂ ਭਾਸ਼ਾਵਾਂ ਦੇ ਇਤਿਹਾਸ ਜਾਂ ਸਾਹਿਤ ਦੇ ਇਤਿਹਾਸ ਦੀ ਜਾਣਕਾਰੀ ਗ੍ਰਹਿਣ ਕਰਨ ਲਈ ਸਿੱਖਦਾ ਹੈ। ਦੂਸਰੀ ਪ੍ਰਕਾਰ ਦੇ ਵਿਦਿਆਰਥੀ ਉਹ ਹਨ ਜੋ ਟੀਚਾ ਭਾਸ਼ਾ ਦਾ ਓਪਰਾ ਗਿਆਨ ਪ੍ਰਾਪਤ ਕਰਨਾ ਚਾਹੁੰਦੇ ਹਨ, ਟੀਚਾ ਭਾਸ਼ਾ ਦੇ ਵਿਆਕਰਨਕ ਨਿਯਮਾਂ ਜਾਂ ਗਹਿਨ ਸਿਖਿਆ ਦੀ ਜ਼ਰੂਰਤ ਨਹੀਂ ਹੁੰਦੀ। ਜਿਵੇਂ ਵਪਾਰੀ, ਵਿਦੇਸ਼ੀ, ਰਾਜਦੂਤ, ਧਾਰਮਿਕ-ਰਾਜਨੀਤਿਕ ਨੇਤਾ ਆਦਿ। ਤੀਸਰੀ ਪ੍ਰਕਾਰ ਦੇ ਵਿਦਿਆਰਥੀ ਹਨ ਜੋ ਟੀਚਾ ਭਾਸ਼ਾ ਦਾ ਗਿਆਨ ਰੋਜ਼ਾਨਾ ਜੀਵਨ ਦੀਆਂ ਗਤੀਵਿਧੀਆਂ ਵਿੱਚ ਵਰਤਣ ਪੱਖੋਂ ਕਰਦੇ ਹਨ ਅਤੇ ਦੂਸਰੀ ਭਾਸ਼ਾ ਦਾ ਗਿਆਨ ਉਨ੍ਹਾਂ ਲਈ ਅਤਿ ਜ਼ਰੂਰੀ ਹੈ। ਜਿਵੇਂ ਭਾਰਤ ਦੋ ਭਾਸ਼ੀ ਦੇਸ਼ ਹੈ, ਐਚ.ਚੈਂਪੀਅਨ ਦੇ ਅਨੁਸਾਰ,

> *"India is bilingual country in so for as educated men are able to, and need to express themselves with great facility in two languages, english and their own mother-thogue."* [6]

ਪੰਜਾਬ ਵਿੱਚ ਹਿੰਦੀ ਭਾਸ਼ਾ ਦੂਸਰੀ ਭਾਸ਼ਾ ਵਜੋਂ ਪੜ੍ਹਾਈ ਜਾਂਦੀ ਹੈ। ਚੌਥੀ ਪ੍ਰਕਾਰ ਦੇ ਉਹ ਵਿਦਿਆਰਥੀ ਹਨ ਜੋ ਕਿਸੇ ਦੂਸਰੇ ਰਾਜ ਜਾਂ ਦੇਸ਼ ਪੱਕੇ ਨਿਵਾਸੀ ਬਣ ਜਾਂਦੇ ਹਨ ਅਤੇ ਅਜਿਹੇ ਸਿਖਿਆਰਥੀਆਂ ਨੂੰ ਟੀਚਾ-ਭਾਸ਼ਾ ਦੀ ਗਹਿਨ ਪੱਧਰ ਤੇ ਗਿਆਨ ਹਾਸਿਲ ਕਰਨਾ ਹੁੰਦਾ ਹੈ।

## ਦੂਸਰੀ ਭਾਸ਼ਾ ਦਾ ਅਧਿਆਪਕ:-

ਭਾਸ਼ਾ ਅਧਿਆਪਨ ਦੀਆਂ ਵਿਧੀਆਂ ਦੀ ਜਾਣਕਾਰੀ ਦੂਸਰੀ ਭਾਸ਼ਾ ਦੇ ਅਧਿਆਪਕ ਲਈ ਜ਼ਰੂਰੀ ਹੈ। ਅਧਿਆਪਕ ਦੀ ਪੰਜਾਬੀ ਭਾਸ਼ਾ ਵਿਗਿਆਨ ਵਿੱਚ ਨਿਪੁੰਨਤਾ ਹੋਣੀ ਚਾਹੀਦੀ ਹੈ। ਅਧਿਆਪਕ ਪ੍ਰਚਲਿਤ ਸ਼ਬਦਾਂ ਦੀ ਵਰਤੋਂ ਕਰੇ, ਨਵੀਂ ਸ਼ਬਦਾਵਲੀ ਘੜਨ ਤੋਂ ਸੰਕੋਚ ਕਰੇ।

ਅਧਿਆਪਕ ਸਿਖਿਆਰਥੀ ਨੂੰ "ਦੂਸਰੀ ਭਾਸ਼ਾ" ਦੀ ਮੁੱਢਲੀ ਜਾਣਕਾਰੀ ਪ੍ਰਦਾਨ ਕਰੇ ਨਾ ਕਿ "ਦੂਸਰੀ ਭਾਸ਼ਾ ਬਾਰੇ" ਜਾਂ ਦੂਜੀ ਭਾਸ਼ਾ ਦਾ ਸਾਹਿਤ ਪੜ੍ਹਾਉਣ 'ਤੇ ਵਧੇਰੇ ਬਲ ਦੇਵੇ। ਸਾਹਿਤ ਵੰਨਗੀਆਂ ਦੂਸਰੀ ਭਾਸ਼ਾ ਦੀ ਸਿਖਲਾਈ ਵਿੱਚ ਸਹਾਇਕ ਤਾਂ ਸਿੱਧ ਹੁੰਦੀਆਂ ਹਨ, ਪਰ ਭਾਸ਼ਾ ਦਾ ਮੂਲ ਗਿਆਨ ਦੁਜੈਲੇ ਪੱਧਰ ਤੇ ਆ ਜਾਂਦਾ ਹੈ।

> *"ਇਹ ਦੇਖਣਾ ਜ਼ਰੂਰੀ ਹੈ ਕਿ ਸਧਾਰਨ ਗਿਆਨ ਜਾਂ ਸਾਹਿਤ ਸਿਖਿਆਰਥੀ ਦੀ ਸਿੱਖਣ-ਪ੍ਰਕਿਰਿਆ ਵਿੱਚ ਰੁਕਾਵਟ ਨਾ ਬਣੇ। ਪਰ ਬੁਨਿਆਦੀ ਤੌਰ 'ਤੇ ਭਾਸ਼ਾ ਦੇ ਨਾਂ ਉੱਤੇ ਪੜ੍ਹਾਇਆ ਜਾਂਦਾ ਸਾਹਿਤ ਰੋਕ ਬਣਦਾ ਹੈ ਜਿਸ ਦੇ ਸਿੱਟੇ ਵਜੋਂ ਭਾਸ਼ਾ ਦੀ ਪਰਖ ਵੇਲੇ ਪ੍ਰਾਪਤ ਨਤੀਜਿਆਂ ਦੀ ਦਰ ਨੀਵੀਂ ਰਹਿੰਦੀ ਹੈ।"* [7]

ਦੂਸਰੀ ਭਾਸ਼ਾ ਦੇ ਅਧਿਆਪਕ ਲਈ ਇਹ ਜ਼ਰੂਰੀ ਹੈ ਕਿ ਉਹ ਦੂਸਰੀ ਭਾਸ਼ਾ ਦੇ ਸਿਖਿਆਰਥੀਆਂ ਦੀ ਮਾਤ-ਭਾਸ਼ਾ ਬਾਰੇ ਗਿਆਨ ਰੱਖਦਾ ਹੋਵੇ। ਟੀਚਾ ਭਾਸ਼ਾ ਪੜ੍ਹਾਉਂਦੇ ਸਮੇਂ ਜਦੋਂ ਅਧਿਆਪਕ ਉਸ ਨੂੰ ਸਿਖਿਆਰਥੀ ਦੀ ਮਾਤ-ਭਾਸ਼ਾ ਨਾਲ ਸੰਬੰਧਿਤ ਕਰੇਗਾ ਤਾਂ ਸਿਖਿਆਰਥੀ ਨੂੰ ਦੂਸਰੀ ਭਾਸ਼ਾ ਬੋਝ ਜਾਂ ਨੀਰਸ ਨਹੀਂ ਲੱਗੇਗੀ। ਮਾਤ-ਭਾਸ਼ਾ ਸਿਖਿਆਰਥੀ ਨੂੰ ਚੇਤੰਨ ਬਣਾਉਂਦੀ ਹੈ। ਐਚ. ਚੈਂਪੀਅਨ ਦੇ ਅਨੁਸਾਰ,

> *"Knowledge and command of the mother-tongue is essential; the emotional and aesthetic sides of the pupil`s nature can never be developed except through his mother-tonge.`* [8]

ਅਧਿਆਪਕ ਦੀ ਦੂਸਰੀ ਭਾਸ਼ਾ ਵਿੱਚ ਨਿਪੁੰਨਤਾ ਕਾਰਨ ਵਧੀਆ ਨਤੀਜੇ ਸਾਹਮਣੇ ਆ ਸਕਦੇ ਹਨ। ਅਧਿਆਪਕ ਨੂੰ ਦੂਸਰੀ ਭਾਸ਼ਾ ਵਿੱਚ ਨਿਪੁੰਨਤਾ ਗ੍ਰਹਿਣ ਕਰਨ ਲਈ ਲਗਾਤਾਰ ਕੋਸ਼ਿਸ਼ ਕਰਨੀ ਚਾਹੀਦੀ ਹੈ। ਡਾ. ਮਧੂ-ਬਾਲਾ ਨੇ ਅਧਿਆਪਨ ਪ੍ਰਕਿਰਿਆ ਦੌਰਾਨ ਦੂਸਰੀ ਭਾਸ਼ਾ ਦੇ ਅਧਿਆਪਕ ਨੂੰ ਨਿਮਨਲਿਖਤ ਗੱਲਾਂ ਵੱਲ ਧਿਆਨ ਰੱਖਣ ਦੀ ਸਲਾਹ ਦਿੱਤੀ ਹੈ:

1. ਲਿਪੀ/ਅੱਖਰ
2. ਅੱਖਰਾਂ ਦਾ ਉਚਾਰਨ/ਭਾਸ਼ਾ ਦੀਆਂ ਧੁਨੀਆਂ।
3. ਵਿਆਕਰਨ/ਸ਼ਬਦਾਂ ਅਤੇ ਵਾਕਾਂ ਦੀ ਬਣਤਰ।

4. ਸ਼ਬਦਾਂ ਦੀ ਸੰਦਰਭ ਮੁਤਾਬਿਕ ਵਰਤੋਂ।

5. ਸ਼ਬਦਾਂ ਦੇ ਅਰਥ।

ਅਧਿਆਪਕ ਦੂਸਰੀ ਭਾਸ਼ਾ ਦਾ ਅਧਿਆਪਨ ਕਰਦੇ ਸਮੇਂ ਸਰਲ ਸ਼ਬਦਾਵਲੀ ਦੀ ਵਰਤੋਂ ਕਰੇ। ਟਕਸਾਲੀ ਭਾਸ਼ਾ ਦੀ ਵਰਤੋਂ ਹੀ ਉਚਿਤ ਹੈ। ਦੂਸਰੀ ਭਾਸ਼ਾ ਦੇ ਅਧਿਆਪਕ ਨੂੰ ਭਾਸ਼ਾ ਦੀ ਵਿਆਕਰਨਕ ਅਤੇ ਸੰਚਾਰ ਸਮਰੱਥਾ ਦੀ ਉਚਿਤ ਜਾਣਕਾਰੀ ਹੋਣੀ ਚਾਹੀਦੀ ਹੈ।

**ਭਾਸ਼ਾ ਰੂਪਾਂ ਵਿੱਚ ਪਰਿਵਰਤਨ:-** ਪੰਜਾਬੀ ਭਾਸ਼ਾ ਦੇ ਇਤਿਹਾਸ (ਨਿਕਾਸ, ਵਿਕਾਸ) ਤੇ ਨਜ਼ਰ ਮਾਰੀਏ ਤਾਂ ਪੰਜਾਬੀ ਭਾਸ਼ਾ ਦਾ ਰੂਪ ਸਮੇਂ, ਸਥਾਨ ਅਤੇ ਬੁਲਾਰੇ ਦੀ ਸਮਾਜਿਕ ਸਥਿਤੀ ਅਤੇ ਪੱਧਰ ਦੇ ਅਨੁਸਾਰ ਪਰਵਰਤਿਤ ਹੁੰਦਾ ਹੈ। ਗੁਰਬਾਣੀ ਵਿੱਚ ਵਰਤੀ ਗਈ ਪੰਜਾਬੀ ਭਾਸ਼ਾ ਅਤੇ ਭਾਸ਼ਾ ਦੇ ਵਰਤਮਾਨ ਰੂਪ ਵਿੱਚ ਬਹੁਤ ਭਿੰਨਤਾ ਹੈ। ਸ਼ਬਦਾਂ ਦੇ ਰੂਪ ਅਤੇ ਅਰਥ ਬਦਲ ਗਏ ਹਨ ਜਿਵੇਂ "ਗੋਸਾਂਈ" ਸ਼ਬਦ ਦਾ ਅਰਥ ਹੈ "ਗਊਆਂ ਦਾ ਰਾਖਾ" ਜੋ ਵਿਕਾਸ ਪਰਿਵਰਤਨਾਂ ਕਰਕੇ "ਪ੍ਰਮਾਤਮਾ" ਦੇ ਅਰਥਾਂ ਦਾ ਧਾਰਨੀ ਹੋ ਗਿਆ ਹੈ। ਪੰਜਾਬੀ ਭਾਸ਼ਾ ਦੀਆਂ ਉਪਭਾਸ਼ਾਵਾਂ (ਮਾਝੀ, ਮਲਵਈ, ਦੁਆਬੀ ਆਦਿ) ਵਿੱਚ ਪੰਜਾਬੀ ਦੇ ਰੂਪ ਵੱਖ-ਵੱਖ ਹਨ, ਜਿਵੇਂ ਲੋਹੇ ਦੇ ਕੜਾਹੇ ਨੂੰ ਵੱਖ-ਵੱਖ ਉਚਾਰਨ, ਕੜਾਹੀਆਂ, ਬੱਠਲ, ਦੌਰਾ, ਲੁਹਾਂਡਾ ਪ੍ਰਚਲਿਤ ਹਨ। ਦੂਸਰੀ ਭਾਸ਼ਾ ਦੇ ਸਿਖਿਆਰਥੀ ਲਈ ਸਮਝਣੇ ਮੁਸ਼ਕਿਲ ਹੋ ਸਕਦੇ ਹਨ।

ਸਿੱਖਿਆ ਲਈ ਸ਼ਬਦਾਵਲੀ ਦੀ ਸਿਰਜਨਾ ਲਈ ਆਤਮ ਸਿੰਘ ਨੇ UNESCO ਦੁਆਰਾ ਸੁਝਾਏ ਛੇ ਅਸੂਲਾਂ ਦਾ ਵਰਨਣ ਕੀਤਾ ਹੈ :-

1. ਸਭ ਤੋਂ ਪਹਿਲਾਂ ਪ੍ਰਚਲਿਤ ਸ਼ਬਦਾਵਲੀ ਦਾ ਅਧਿਐਨ ਕੀਤਾ ਜਾਵੇ ਮੁੱਖ ਵਿਧੀ ਇਹ ਹੈ ਪੁਰਾਣੇ ਪ੍ਰਚਲਿਤ ਸ਼ਬਦਾਂ ਨੂੰ ਨਵੇਂ ਅਰਥ ਪ੍ਰਦਾਨ ਕੀਤੇ ਜਾਣ, ਸਥਾਨਕ ਵਿਆਖਿਆਤਮਕ ਸ਼ਬਦਾਵਲੀ ਵਰਤੀ ਜਾਵੇ, ਪ੍ਰਚਲਿਤ ਵਿਦੇਸ਼ੀ ਸ਼ਬਦਾਵਲੀ ਨੂੰ ਅਪਣਾਇਆ ਜਾਵੇ ਅਤੇ ਉਚਿਤ ਵਿਦੇਸ਼ੀ ਨਮੂਨਿਆਂ ਅਨੁਸਾਰ ਆਪਣੇ ਵਿਆਖਿਆਤਮਕ ਮੁਹਾਵਰੇ ਨੂੰ ਸੁਧਾਰਿਆ ਜਾਵੇ।

2. ਜਿਥੇ ਸਥਾਨਕ ਸ਼ਬਦ ਪਹਿਲਾਂ ਹੀ ਵਰਤੇ ਜਾਂਦੇ ਹਨ ਨਵੇਂ ਸ਼ਬਦ ਘੜਨ ਵਿਚ ਸੰਕੋਚ ਕੀਤਾ ਜਾਵੇ।

3. ਸ਼ਬਦਾਵਲੀ ਵਿੱਚ ਨਵਾਂ ਸ਼ਬਦ ਸ਼ਾਮਿਲ ਕਰਨ ਤੋਂ ਪਹਿਲਾਂ ਇਹ ਗੱਲ ਨਿਸ਼ਚਿਤ ਕਰ ਲਈ ਜਾਵੇ ਕਿ ਇਸ ਦੀ ਤੁਰੰਤ ਲੋੜ ਹੈ।

4. ਜਿੱਥੇ ਵਿਗਿਆਨ ਦੇ ਕਿਸੇ ਖੇਤਰ ਤੋਂ ਤਕਨੀਕੀ ਸ਼ਬਦਾਵਲੀ ਦਾ ਸਮੁੱਚਾ ਸੈੱਟ ਜਾਂ ਅਪਣਾਉਣਾ ਹੋਵੇ ਤਾਂ ਉਨ੍ਹਾਂ ਵਿੱਚ ਰੂਪਕ ਪੱਖੋਂ ਅਤੇ ਭਾਸ਼ਾ ਦੇ ਮੂਲ ਪੱਖੋਂ ਵੀ ਇਕਸਾਰਤਾ ਰੱਖਣੀ ਜ਼ਰੂਰੀ ਹੈ। ਖਾਸ ਕਰਕੇ ਜਦੋਂ ਲਾਤੀਨੀ ਜਾਂ ਯੂਨਾਨੀ ਭਾਸ਼ਾਵਾਂ ਤੋਂ ਅੰਤਰਰਾਸ਼ਟਰੀ ਪੱਖੋਂ ਪ੍ਰਚਲਿਤ ਤਕਨੀਕੀ ਸ਼ਬਦਾਵਲੀ ਅਪਣਾਉਣੀ ਹੋਵੇ ਤਾਂ ਇਸ ਗੱਲ ਵੱਲ ਧਿਆਨ ਰੱਖਣਾ ਚਾਹੀਦਾ ਹੈ ਕਿ ਇੱਕ ਮੂਲ ਭਾਸ਼ਾ ਤੋਂ ਸਬੰਧਤ ਖੇਤਰ ਦੇ

ਸਾਰੇ ਸ਼ਬਦ ਲਏ ਜਾਣ ਤਾਂ ਹੀ ਰੂਪਕ ਪੱਖੋਂ ਇਕਸਾਰਤਾ ਰਹਿ ਸਕੇਗੀ।

5. ਅਪਣਾਏ ਸ਼ਬਦਾਂ ਵਿੱਚ ਭਾਸ਼ਾ ਦੀ ਧੁਨਾਤਮਿਕ ਜੁਗਤ ਅਤੇ ਵਿਆਕਰਨਿਕ ਪ੍ਰਣਾਲੀ ਅਨੁਸਾਰ ਲੋੜੀਂਦੇ ਅਨੁਕੂਲਣ ਕੀਤੇ ਜਾਣ।

6. ਚੁਣੇ ਤਕਨੀਕੀ ਸ਼ਬਦਾਂ ਨੂੰ ਕੁਝ ਕੁ ਲੋਕਾਂ ਤੇ ਲਾਗੂ ਕਰਕੇ ਉਨ੍ਹਾਂ ਦੀ ਪਰਤੀਕਿਰਿਆ ਵੇਖੀ ਜਾਵੇ ਤਾਂ ਜੋ ਪਤਾ ਲੱਗੇ ਕਿ ਉਹ ਇਨ੍ਹਾਂ ਨੂੰ ਪ੍ਰਵਾਨ ਕਰਦੇ ਹਨ ਜਾਂ ਨਹੀਂ। ਇਸ ਟੈਸਟ ਪਿੱਛੋਂ ਹੀ ਉਸ ਸ਼ਬਦਾਵਲੀ ਨੂੰ ਆਮ ਲੋਕਾਂ ਵਿਚ ਰਾਇਜ਼ ਕੀਤਾ ਜਾਵੇ।

ਪੰਜਾਬੀ ਭਾਸ਼ਾ ਵਿਚ ਬਹੁਤ ਸਾਰੇ ਸ਼ਬਦ ਦੂਸਰੀਆਂ ਭਾਸ਼ਾਵਾਂ ਤੋਂ ਤਤਸਮ ਰੂਪ ਵਿਚ ਹੀ ਲੈ ਲਏ ਹਨ ਜਿਵੇਂ ਸਕੂਲ, ਬੱਸ।

**ਮੁਹਾਰਤ ਦੀ ਪਰਖ:-**

ਮੁਹਾਰਤ ਤੋਂ ਭਾਵ ਕਿ ਸਿਖਿਆਰਥੀ ਨੇ ਟੀਚਾ-ਭਾਸ਼ਾ ਕਿੰਨੀ ਕੁ ਗ੍ਰਹਿਣ ਕੀਤੀ ਹੈ? ਭਾਸ਼ਾ ਮੁਹਾਰਤ ਦੀ ਪਰਖ ਲਈ ਸਿਖਿਆਰਥੀ ਨਿਸ਼ਾਨੇ ਨਿਸ਼ਚਿਤ ਕਰੇ ਤਾਂ ਜੋ ਦੂਸਰੀ ਭਾਸ਼ਾ ਨੂੰ ਸਿੱਖਣ ਦਾ ਆਪਣਾ ਉਦੇਸ਼ ਪੂਰਾ ਕਰ ਸਕੇ। ਸਮੇਂ-ਸਮੇਂ ਸਿਖਿਆਰਥੀ ਦੀ ਪਰਖ ਨਾਲ ਇਹ ਯਕੀਨੀ ਬਣ ਜਾਂਦਾ ਹੈ ਉਸ ਦੀ ਟੀਚਾ ਭਾਸ਼ਾ ਤੇ ਕਿੰਨੀ ਕੁ ਪਕੜ ਬਣੀ ਹੈ। ਭਾਸ਼ਾ ਦੀ ਮੁਹਾਰਤ ਦੀ ਪਰਖ ਲਈ ਸਿਖਿਆਰਥੀ ਨਿਸ਼ਾਨੇ ਨਿਸ਼ਚਤ ਕਰੇ ਤਾਂ ਜੋ ਦੂਸਰੀ ਭਾਸ਼ਾ ਨੂੰ ਸਿੱਖਣ ਦਾ ਆਪਣਾ ਉਦੇਸ਼ ਪੂਰਾ ਕਰ ਸਕੇ। ਭਾਸ਼ਾ ਦੀ ਮੁਹਾਰਤ ਦੀ ਪਰਖ ਲਈ ਵਿਦਵਾਨਾਂ ਦੁਆਰਾ ਸੁਝਾਏ ਗਏ ਕੁਝ ਮਾਪਦੰਡਾਂ ਦਾ ਡਾ. ਪਰਮਜੀਤ ਸਿੰਘ ਨੇ ਉਲੇਖ ਕੀਤਾ ਹੈ:-

1. ਸਿਫਰ ਪੱਧਰ:- ਸਿਫਰ ਪੱਧਰ ਤੇ ਸਿਖਿਆਰਥੀ ਦੂਸਰੀ ਭਾਸਾ ਵਿੱਚ ਪ੍ਰਕਾਰਜ ਕਰਨ ਤੋਂ ਅਸਮੱਰਥ ਹੁੰਦਾ ਹੈ।

2. ਮੁੱਢਲਾ/ਆਰੰਭਕ ਤਾਤਵਿਕ ਪੱਧਰ:- ਇਸ ਪੱਧਰ ਤੇ ਸਿਖਿਆਰਥੀ ਲੋੜ ਦੇ ਸੀਮਿਤ ਘੇਰਿਆ ਵਿੱਚ ਭਾਸ਼ਾ ਦੀ ਵਰਤੋਂ ਕਰਨ ਦੇ ਸਮਰੱਥ ਹੋ ਜਾਂਦਾ ਹੈ। ਉਹ ਪੜ੍ਹਨ ਅਤੇ ਲਿਖਣ ਦੇ ਬਹੁਤ ਸੀਮਿਤ ਸ਼ਬਦ ਅਤੇ ਸਾਧਾਰਣ ਵਾਕਾਂ ਦੀ ਲੋੜ ਅਨੁਸਾਰ ਵਰਤੋਂ ਕਰ ਸਕਦਾ ਹੈ।

3. ਸਮਾਜਿਕ ਅਤੇ ਕਿੱਤਾ ਮੁਹਾਰਤ ਦਾ ਲਘੂਤਮ ਪੱਧਰ:- ਇਸ ਪੱਧਰ ਤੇ ਸਿਖਿਆਰਥੀ ਇਸ ਗੱਲ ਦੇ ਯੋਗ ਹੋ ਜਾਂਦਾ ਹੈ ਕਿ ਉਹ ਸਮਾਜਿਕ ਅਤੇ ਕਿੱਤਾ ਪੱਧਰ 'ਤੇ ਸਾਰੀਆਂ ਭਾਸ਼ਾਈ ਲੋੜਾਂ ਮੰਗ ਅਨੁਸਾਰ ਪੂਰੀਆਂ ਕਰ ਸਕਦਾ ਹੈ।

4. ਪੂਰਾ ਸਮਾਜਿਕ ਅਤੇ ਕਿੱਤਾ ਮੁਹਾਰਤ ਪੱਧਰ:- ਸਿਖਿਆਰਥੀ ਸ਼ੁੱਧ ਰੂਪ ਵਿੱਚ ਪ੍ਰਵਾਹੀ ਤੌਰ 'ਤੇ ਭਾਸ਼ਾ ਦੀ ਵਰਤੋਂ ਕਰ ਸਕਦਾ ਹੈ।

5. ਮਾਤ-ਭਾਸ਼ਾ ਵਰਗੀ ਰਵਾਨੀ ਦਾ ਪੱਧਰ:- ਸਿਖਿਆਰਥੀ ਦੀ ਭਾਸ਼ਾ ਬਿਲਕੁਲ ਪੜ੍ਹੇ ਲਿਖੇ ਮਾਤ-ਭਾਸ਼ੀ ਵਰਗੀ ਹੋ ਜਾਂਦੀ ਹੈ।

ਸਿਖਿਆਰਥੀ ਆਪਣੇ ਆਪ ਨੂੰ ਵਧੀਆ ਢੰਗ ਨਾਲ ਸੰਚਾਰਿਤ ਕਰ ਸਕਦਾ ਹੈ।

**ਕਲਾਸ ਦਾ ਵਾਤਾਵਰਣ:-**

ਕਲਾਸ ਦਾ ਵਾਤਾਵਰਣ ਦੂਸਰੀ ਭਾਸ਼ਾ ਨਾਲ ਸੰਬਧਿਤ ਹੋਣਾ ਚਾਹੀਦਾ ਹੈ। ਟੀਚਾ ਭਾਸ਼ਾ ਨਾਲ ਸੰਬੰਧਿਤ ਸਮੱਗਰੀ ਜਿਵੇਂ ਧੁਨੀ ਵਿਗਿਆਨ ਅਤੇ ਵਿਉਂਤ ਨਾਲ ਸੰਬੰਧਿਤ ਚਾਰਟ, ਆਡੀਓ ਅਤੇ ਵੀਡਿਓ ਸਹੂਲਤਾਂ, ਪ੍ਰੀਭਾਸ਼ਿਕ ਸ਼ਬਦਾਵਲੀ ਕੋਸ਼ ਤਸਵੀਕਾਂ, ਖਾਕੇ, ਨਕਸ਼ੇ, ਆਦਿ ਉਪਲੱਬਧ ਹੋਣੇ ਚਾਹੀਦੇ ਹਨ। ਵਰਤਮਾਨ ਵਿਗਿਆਨਕ ਯੁੱਗ ਵਿੱਚ ਅਜਿਹੇ ਸਾਧਨ ਵੀ ਉਪਲੱਬਧ ਹੋ ਗਏ ਜੋ ਧੁਨੀ ਦੀ ਬਣਤਰ ਅਤੇ ਉਚਾਰ ਪ੍ਰਕਿਰਿਆ ਨੂੰ ਵੀ ਦ੍ਰਿਸ਼ਟਮਾਨ ਕਰਨ ਵਿੱਚ ਸਹਾਇਕ ਸਿਧ ਹੁੰਦੇ ਹਨ। ਟੀਚਾ ਭਾਸ਼ਾ ਨਾਲ ਸਬੰਧਤ ਪੁਸਤਕਾਂ ਅਤੇ ਪੁਸਤਕਾਂ ਪੜ੍ਹਨ ਵਿਧੀ (ਭਾਵ ਕਵਿਤਾ ਦਾ ਉਚਾਰਨ ਕਿਵੇਂ ਕਰਨਾ ਹੈ) ਨਾਲ ਸੰਬੰਧ ਸੀ. ਡੀ., ਪ੍ਰਾਜੈਕਟਰ, ਆਦਿ ਕਲਾਸ ਵਿੱਚ ਉਪਲੱਬਧ ਹੋਣੇ ਜ਼ਰੂਰੀ ਹਨ। ਦੂਸਰੀ ਭਾਸ਼ਾ ਦੇ ਸਿਖਿਆਰਥੀ ਨੂੰ ਅਜਿਹੀਆਂ ਕਲਾਸਾਂ ਵਿੱਚ ਟੀਚਾ-ਭਾਸ਼ਾ ਦੀ ਸਿਖਿਆ ਦੇਣੀ ਜ਼ਰੂਰੀ ਹੈ। ਜਿਥੇ ਟੀਚਾ-ਭਾਸ਼ਾ ਨਾਲ ਸਬੰਧਿਤ ਸੱਭਿਆਚਾਰ ਦੀ ਬਨਾਵਟੀ ਰੂਪ-ਰੇਖਾ ਤਿਆਰ ਕੀਤੀ ਗਈ ਹੋਵੇ।

## ਦੂਜੀ ਭਾਸ਼ਾ ਦੇ ਅਧਿਆਪਨ ਦੀਆਂ ਵਿਧੀਆਂ

ਭਾਸ਼ਾ ਵਿਗਿਆਨੀਆਂ ਨੇ ਭਾਸ਼ਾ ਅਧਿਆਪਨ ਦੀਆਂ ਸਮੇਂ-ਸਮੇਂ ਵੱਖ-ਵੱਖ ਅਧਿਆਪਨ ਵਿਧੀਆਂ ਦੀ ਚਰਚਾ ਕੀਤੀ ਹੈ। ਹਰ ਇਕ ਵਿਧੀ ਆਪਣੇ ਆਪ 'ਚ ਸੰਪੂਰਨ ਨਹੀਂ ਹੈ। ਇਸ ਅਧਿਆਇ ਵਿਚ ਹੇਠ ਲਿਖੀਆਂ ਤਿੰਨ ਵਿਧੀਆਂ ਦੀ ਚਰਚਾ ਕੀਤੀ ਗਈ ਹੈ ਜੋ ਜ਼ਿਆਦਾਤਰ ਵਰਤੀਆਂ ਜਾਂਦੀਆਂ ਹਨ। ਜਿਵੇਂ :

1. ਅਨੁਵਾਦ ਵਿਧੀ
2. ਪ੍ਰਤੱਖ ਵਿਧੀ
3. ਤੁਲਨਾਤਮਕ ਵਿਧੀ ਜਾਂ ਟਾਕਰਵੀਂ ਵਿਧੀ

**ਅਨੁਵਾਦ ਵਿਧੀ** :- ਅਨੁਵਾਦ ਵਿਧੀ ਨੂੰ 'ਵਿਆਕਰਨ-ਅਨੁਵਾਦ ਵਿਧੀ' ਵੀ ਕਿਹਾ ਜਾਂਦਾ ਹੈ। ਅਨੁਵਾਦ ਵਿਧੀ ਦੇ ਅੰਤਰਗਤ ਸਿਖਿਆਰਥੀ ਨੂੰ ਟੀਚਾ ਭਾਸ਼ਾ ਦੀ ਸ਼ਬਦਾਵਲੀ, ਮੁਹਾਵਰੇ, ਵਾਕ ਆਦਿ ਨੂੰ ਮਾਤ-ਭਾਸ਼ਾ ਵਿੱਚ ਅਨੁਵਾਦ ਕਰਕੇ ਸਿਖਾਇਆ ਜਾਂਦਾ ਹੈ। ਸਿਖਿਆਰਥੀ ਨੂੰ ਕੋਸ਼ਾਂ ਦੀ ਮੱਦਦ ਨਾਲ ਸ਼ਬਦਾਂ ਦੇ ਅਰਥ ਮਾਤ-ਭਾਸ਼ਾ ਵਿੱਚ ਸਿਖਾਏ ਜਾਂਦੇ ਹਨ ਨਾਲ ਵਿਆਕਰਨ ਨੂੰ ਅਨੁਵਾਦ ਕਰਕੇ ਸਿਖਾਇਆ ਜਾਂਦਾ ਹੈ। ਜ਼ਿਆਦਾਤਰ ਭਾਸ਼ਾਵਾਂ ਦੇ ਸ਼ਾਬਦਿਕ ਅਰਥਾਂ, ਵਾਕ ਬਣਤਰਾਂ ਅਤੇ ਵਿਆਕਰਨ ਨਿਯਮਾਂ ਵਿੱਚ ਅਸਮਾਨਤਾ ਪਾਈ ਜਾਂਦੀ ਹੈ। ਹਰੇਕ ਭਾਸ਼ਾ ਦੀ ਸ਼ਬਦਾਵਲੀ ਇਤਿਹਾਸਕ, ਸਭਿਆਚਾਰਕ ਅਤੇ ਭੂਗੋਲਿਕ ਵਾਤਾਵਰਨ ਤੋਂ ਪ੍ਰਭਾਵਿਤ ਹੁੰਦੀ ਹੈ। ਜਿਵੇਂ ਪੰਜਾਬੀ ਭਾਸ਼ਾ ਵਿੱਚ "ਫੁੱਲ" ਸ਼ਬਦ ਦਾ ਸ਼ਾਬਦਿਕ ਅਰਥ ਕਿਆਰੀ ਵਿੱਚ ਬੂਟੇ ਨੂੰ ਲੱਗਾ ਹੋਇਆ ਰੰਗ-ਬਿਰੰਗੀਆਂ ਪੱਤੀਆਂ ਦਾ ਗੁੱਛਾ ਹੈ। ਜੋ ਕਿ "ਫੁੱਲ" ਸ਼ਬਦ ਦਾ ਕੇਂਦਰੀ ਅਰਥ ਹੈ। ਪਰ "ਫੁੱਲ" ਸ਼ਬਦ ਦੇ ਪ੍ਰਸੰਗਿਕ ਅਰਥ ਕਈ ਵਾਰ ਪਰਵਰਤਿਤ ਹੋ ਜਾਂਦੇ

ਹਨ ਜਿਵੇਂ ਫੁੱਲ ਚੁਣਗੇ, ਫੁੱਲ ਭਰ ਬੱਚਾ+ ਕਹਿਣ ਤੋਂ ਭਾਵ ਹੈ ਕਿ ਪੰਜਾਬੀ ਭਾਸ਼ਾ ਨੂੰ ਦੂਸਰੀ ਭਾਸ਼ਾ ਵਜੋਂ ਗ੍ਰਹਿਣ ਕਰਨ ਲਈ ਸ਼ਾਬਦਿਕ ਅਰਥਾਂ ਦੇ ਨਾਲ-ਨਾਲ ਪ੍ਰਸੰਗਕ ਅਰਥਾਂ ਨੂੰ ਸਮਝਣਾ ਵੀ ਜ਼ਰੂਰੀ ਹੈ। ਪਰ ਫੁੱਲ ਦਾ ਅਨੁਵਾਦ ਤਾਂ ਸੰਭਵ ਹੈ ਪਰ 'ਫੁੱਲ ਚੁਗਣੇ' 'ਫੁੱਲ ਭਰ ਬੱਚਾ' ਦਾ ਅਨੁਵਾਦ ਸੰਭਵ ਨਹੀਂ। ਇਸ ਤਰ੍ਹਾਂ ਅਨੁਵਾਦ ਵਿਧੀ ਅਧੂਰੀ ਜਾਪਦੀ ਹੈ। ਡਾ. ਬਲਦੇਵ ਰਾਜ ਗੁਪਤਾ ਦੇ ਅਨੁਸਾਰ,

> *"ਹਰ ਭਾਸ਼ਾ ਵਿੱਚ ਸਥਾਨਕ ਰੰਗਣ ਦੇ ਸ਼ਬਦਾਂ ਦੇ ਸੂਖਮ ਅਰਥ ਭੇਦ ਹੁੰਦੇ ਹਨ ਜਿਹੜੇ ਦੂਜੀ ਭਾਸ਼ਾ ਵਿੱਚ ਉਲਥਾਉਣੇ ਅਸੁਭਾਵਿਕ ਹੀ ਨਹੀਂ ਸਗੋਂ ਕਠਿਨ ਵੀ ਹੁੰਦੇ ਹਨ। 'ਉਸ ਨੇ ਮੇਰੇ ਪੰਜ ਰੁਪਏ ਮਾਰ ਲਏ' ਵਾਕ ਨੂੰ ਅਨੁਵਾਦ ਵਿਧੀ ਰਾਹੀਂ ਬੱਚਾ ਇਸ ਦੀ ਅੰਗਰੇਜ਼ੀ ਇਸ ਤਰ੍ਹਾਂ ਵੀ ਕਰਦਾ ਵੇਖਿਆ ਗਿਆ ਹੈ ਕਿ* `He has killed my five rupees` *ਇੰਝ ਅਨੁਵਾਦ ਦੀ ਵਿਧੀ ਸਾਨੂੰ ਦੂਜੀ ਭਾਸ਼ਾ ਦੀ ਅਸਲੀ ਭਾਵਨਾ ਤੋਂ ਕੋਹਾਂ ਦੂਰ ਕਰ ਦਿੰਦੀ ਹੈ।"* [9]

ਵਾਕ ਇੱਕ ਸੰਪੂਰਨ ਵਿਚਾਰ ਦੀ ਪੇਸ਼ਕਾਰੀ ਅਤੇ ਇਕ ਵਿਆਕਰਨ ਇਕਾਈ ਹੈ। ਪੰਜਾਬੀ ਭਾਸ਼ਾ ਦੀ ਵਾਕ ਬਣਤਰ ਅਤੇ ਅੰਗਰੇਜ਼ੀ ਭਾਸ਼ਾ ਦੀ ਵਾਕ ਬਣਤਰ ਵਿੱਚ ਅੰਤਰ ਹੈ। ਪੰਜਾਬੀ ਭਾਸ਼ਾ ਦੀ ਵਾਕ ਬਣਤਰ ਵਿੱਚ ਕਰਤਾ+ਕਰਮ+ਕਿਰਿਆ+ਸਹਾਇਕ ਕਿਰਿਆ ਆਉਂਦੇ ਹਨ। ਪਰ ਅੰਗਰੇਜ਼ੀ ਭਾਸ਼ਾ ਦੀ ਵਾਕ ਬਣਤਰ ਵਿੱਚ ਕਰਤਾ+ਕਿਰਿਆ+ਕਰਮ ਆਉਂਦੇ ਹਨ। ਸਿਖਿਆਰਥੀ ਟੀਚਾ ਭਾਸ਼ਾ ਜ਼ਿਆਦਾਤਰ ਸੰਚਾਰ ਲਈ ਸਿੱਖਦਾ ਹੈ। ਜੇਕਰ ਅੰਗਰੇਜ਼ੀ ਭਾਸ਼ਾ ਜ਼ਿਆਦਾਤਰ ਸੰਚਾਰ ਲਈ ਸਿੱਖਦਾ ਹੈ। ਜੇਕਰ ਅੰਗਰੇਜ਼ੀ ਭਾਸ਼ਾ ਦੇ ਵਾਕ `Ram plays fotball ਨੂੰ ਕ੍ਰਮਵਾਰ ਵਾਕ ਵਿੱਚ ਵਿਚਰ ਸ਼ਬਦ ਦੇ ਅਨੁਸਾਰ ਅਨੁਵਾਦ ਕੀਤਾ ਜਾਵੇ "ਰਾਮ ਖੇਡਦਾ ਫੁੱਟਬਾਲ" ਜੋ ਕਿ ਗਲਤ ਹੈ। ਅਨੁਵਾਦ ਵਿਧੀ ਕਈ ਵਾਰ ਸਹੀ ਅਰਥ ਪ੍ਰਗਟਾਉਣ ਤੋਂ ਅਸਫਲ ਹੁੰਦੀ ਹੈ। ਪੰਜਾਬੀ ਭਾਸ਼ਾ ਵਿੱਚ ਰੈਡੀਮੇਡ ਵਾਕ ਜਿਵੇਂ 'ਜੀ ਆਇਆਂ ਨੂੰ' ਆਪਣੇ ਆਪ ਵਿੱਚ ਅਰਥ ਪੂਰਨ ਵਾਕ ਹੈ, ਪਰ ਇਨ੍ਹਾਂ ਤਿੰਨਾਂ ਸ਼ਬਦਾਂ ਲਈ ਅੰਗਰੇਜ਼ੀ ਵਿੱਚ ਇੱਕ ਹੀ ਸ਼ਬਦ `Welcome` ਵਰਤਿਆ ਜਾਂਦਾ ਹੈ। ਦੂਸਰਾ ਵਾਕ ਵਿੱਚ ਵਿਚਰ ਰਿਹਾ "ਆਉਣਾ" ਸ਼ਬਦ ਕਿਰਿਆ ਸ਼੍ਰੇਣੀ ਦਾ ਸ਼ਬਦ ਹੈ, ਜਿਸ ਦਾ ਸਿਖਿਆਰਥੀ ਅਨੁਵਾਦ "Come" ਹੀ ਕਰੇਗਾ।

ਅਨੁਵਾਦ ਦੀ ਵਿਧੀ ਦੀ ਇੱਕ ਕਮੀ ਇਹ ਹੈ ਕਿ ਕਾਵਿ ਭਾਸ਼ਾ ਨੂੰ ਪੂਰੀ ਤਰ੍ਹਾਂ ਅਨੁਵਾਦ ਨਹੀਂ ਕੀਤਾ ਜਾ ਸਕਦਾ। ਜਿਵੇਂ ਸ਼ਿਵ ਕੁਮਾਰ ਬਟਾਵਲੀ ਦਾ ਗੀਤ ਹੈ:-

*ਹਾਏ ਨੀ! ਅੱਜ ਅੰਬਰ ਲਿੱਸੇ-ਲਿੱਸੇ।*
*ਹਾਏ ਨੀ! ਅੱਜ ਤਾਰੇ ਹਿੱਸੇ-ਹਿੱਸੇ*
*ਹਾਏ ਨੀ! ਅੱਜ ਮੋਈਆਂ-ਮੋਈਆਂ ਪੌਣਾਂ,*
*ਹਾਏ ਨੀ! ਜੱਗ ਵੱਸਦਾ ਕਬਰਾਂ ਦਿੱਸੇ।*

*ਹਾਓ ਨੀ! ਅੱਜ ਪੱਥਰ ਹੋਈਆਂ ਜੀਭਾਂ,*
*ਹਾਏ ਨੀ! ਦਿਲ ਭਰਿਆ ਪਲ ਪਲ ਫਿਸੇ।*
*ਹਾਏ ਨੀ! ਮੇਰੀ ਰੀਸ ਨਾ ਕਰਿਓ ਕੋਈ।*
*ਹਾਏ ਨੀ! ਇਸ਼ਕੇ ਦੇ ਪਾਣੀ ਵਿੱਸੇ।*
*ਹਾਏ ਨੀ! ਇਹ ਡਾਢੇ ਪੈਂਡੇ ਲੰਮੇ।*
*ਹਾਏ ਨੀ! ਨਿਰੀਆਂ ਸੂਲਾਂ ਗਿੱਟੇ-ਗਿੱਟੇ।*
*ਹਾਏ ਨੀ! ਨਿਰੀਆਂ ਸੂਲਾਂ ਗਿੱਟੇ-ਗਿੱਟੇ।*
*ਹਾਏ ਨੀ! ਇੱਥੇ ਸਭ ਕੁਝ ਲੁੱਟਿਆ ਜਾਂਦਾ।*
*ਹਾਏ ਨੀ! ਇਥੇ ਮੌਤ ਨਾ ਆਉਂਦੀ ਹਿੱਸੇ।*
*ਹਾਏ ਨੀ! ਅੱਜ ਪ੍ਰੀਤ ਦੇ ਨਗਮੇ ਕੌੜੇ।*
*ਹਾਏ ਨੀ! ਇਹ ਜ਼ਹਿਰ ਨੇ ਮਿੱਠੇ-ਮਿੱਠੇ।*

**(ਸ਼ਿਵ ਕੁਮਾਰ ਬਟਾਲਵੀ)**

ਉਪ੍ਰੋਕਤ ਕਵਿਤਾ ਦਾ ਅਨੁਵਾਦ ਦੂਸਰੀਆਂ ਭਾਸ਼ਾਵਾਂ ਵਿੱਚ ਅਸੰਭਵ ਹੈ। ਜੇਕਰ ਇਸ ਕਵਿਤਾ ਨੂੰ ਹਿੰਦੀ ਭਾਸ਼ਾ ਅਨੁਵਾਦ ਕਰਨ ਦੀ ਕੋਸ਼ਿਸ਼ ਕੀਤੀ ਜਾਵੇ ਤਾਂ 'ਲਿੱਸੇ-ਲਿੱਸੇ' 'ਗਿੱਟੇ-ਗਿੱਟੇ' 'ਫਿਸੇ' ਆਦਿ ਸ਼ਬਦਾਂ ਦਾ ਅਨੁਵਾਦ ਕਰਨਾ ਅਸੰਭਵ ਹੈ। ਪਰ ਜੇਕਰ ਅਨੁਵਾਦ ਕੀਤਾ ਜਾਵੇ ਤਾਂ ਅਨੁਵਾਦ ਹੋ ਕੇ ਕਵਿਤਾ ਅਸਲੀ ਅਰਥਾਂ ਅਤੇ ਭਾਵਨਾ ਤੋਂ ਕੋਹਾਂ ਦੂਰ ਚਲੀ ਜਾਵੇਗੀ। ਕਾਵਿ ਭਾਸ਼ਾ ਵਿਹਾਰਕ ਭਾਸ਼ਾ ਦਾ ਅਜਨਬੀ ਕਰਨ ਹੈ। ਸਿਖਿਆਰਥੀ ਮਾਤ ਭਾਸ਼ਾ ਵਿੱਚ ਕਵਿਤਾ ਦੇ ਅਰਥ ਤਾਂ ਬਿਆਨ ਕਰ ਸਕਦਾ ਹੈ ਪਰ ਅਨੁਵਾਦ ਨਹੀਂ। ਸਫਲ ਅਨੁਵਾਦਕ ਵਿਚ ਚਾਰ ਗੁਣ ਹੋਣੇ ਜ਼ਰੂਰੀ ਹਨ, ਮੂਲ ਭਾਸ਼ਾ ਦੀ ਸਹੀ ਜਾਣਕਾਰੀ, ਅਨੁਵਾਦ ਦੀ ਭਾਸ਼ਾ ਦੀ ਜਾਣਕਾਰੀ ਅਤੇ ਵਿਸ਼ੇ ਵਿਚ ਨਿਪੁੰਨਤਾ, ਅਨੁਵਾਦ ਦਾ ਤਜਰਬਾ।

ਸਿਖਿਆਰਥੀ ਮਾਤ-ਭਾਸ਼ਾ ਵਿੱਚ ਸੋਚਦਾ, ਸਮਝਦਾ, ਪੜ੍ਹਦਾ, ਲਿਖਦਾ ਆਦਿ ਹੈ। ਟੀਚਾ ਭਾਸ਼ਾ ਸਿੱਖਦੇ ਸਮੇਂ ਉਹ ਹਰ ਪਹਿਲੂ ਸ਼ਬਦ, ਅਰਥ, ਵਾਕ, ਵਿਆਕਰਨ, ਸਾਹਿਤ ਆਦਿ ਨੂੰ ਮਾਤ-ਭਾਸ਼ਾ ਨਾਲ ਜੋੜ ਕੇ ਵੇਖਦਾ ਹੈ। ਭਾਵ ਹਰ ਕਾਰਜ ਮਾਤ-ਭਾਸ਼ਾ ਵਿੱਚ ਪਹਿਲਾਂ ਕਰਦਾ ਹੈ। ਮਾਤ ਭਾਸ਼ਾ ਵਿੱਚ ਸਮਝਕੇ ਫਿਰ ਦੂਸਰੀ ਭਾਸ਼ਾ ਵਿੱਚ ਅਨੁਵਾਦ ਕਰਦਾ ਹੈ। ਸਿਖਿਆਰਥੀ  ਜ਼ਿਆਦਾ ਬੋਲ ਕੇ ਉਚਾਰਨ ਕਰਨ ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਭਾਵ ਸਿਖਿਆਰਥੀ ਕੁਝ ਕੁ ਨਿਯਮਾਂ ਦੇ ਰੱਟੇ ਲਗਾ ਲੈਂਦਾ ਹੈ। ਉਰਦੂ ਫਾਰਸੀ ਦੀਆਂ ਧੁਨੀਆਂ ਦੇ ਸ਼ੁੱਧ ਉਚਾਰਨ ਦੀ ਸਿੱਖਿਆ ਤੋਂ ਸਿਖਿਆਰਥੀ ਕੋਹਾਂ ਦੂਰ ਰਹਿ ਜਾਂਦਾ ਹੈ

> *"ਪੰਜਾਬੀ ਅਧਿਆਪਕਾਂ ਅਥਵਾ ਪ੍ਰਾ-ਅਧਿਆਪਕਾਂ ਦਾ ਤਕੜਾ ਵਰਗ ਐਸਾ ਆ ਗਿਆ ਹੈ ਜੋ ਉਰਦੂ-ਫਾਰਸੀ ਤੋਂ ਬਿਲਕੁਲ ਕੋਰਾ ਹੈ। ਨਤੀਜੇ ਵਜੋਂ ਇਨ੍ਹਾਂ ਆਵਾਜ਼ਾਂ ਦਾ ਸ਼ੁੱਧ ਉਚਾਰਨ ਕਾਲਜ ਪੱਧਰ 'ਤੇ ਹੀ*

*ਨਹੀਂਯੂਨੀਵਰਸਿਟੀ ਪੱਧਰ ਤੇ ਹੀ ਇਕ ਵੱਡੀ ਸਮੱਸਿਆ ਬਣੀ ਖੜਾ ਹੈ।"*[10]

"ਜ਼" ਦੀ ਆਵਾਜ਼ ਵਾਲੇ ਸ਼ਬਦ (ਜ਼ਿੰਦਗੀ, ਜ਼ਮੀਰ, ਸਜ਼ਾ ਆਦਿ) ਦਾ ਉਚਾਰਨ ਜਿੰਦਗੀ, ਜਮੀਰ, ਸਜਾ ਆਦਿ ਹੀ ਕੀਤਾ ਜਾਂਦਾ ਹੈ। ਸਿਖਿਆਰਥੀ ਨੂੰ ਪਹਿਲਾਂ ਭਾਸ਼ਾ ਦੀ ਸਹੀ ਜਾਣਕਾਰੀ ਕਰਵਾਉਣੀ ਚਾਹੀਦੀ ਹੈ, ਨਾ ਕਿ ਵਿਆਕਰਨ ਦੀ। ਵਿਆਕਰਨ ਦੇ ਨਿਯਮ ਬਾਅਦ ਵਿੱਚ ਹੋਂਦ ਵਿੱਚ ਆਏ, ਪਹਿਲਾਂ ਭਾਸ਼ਾ ਹੋਂਦ ਵਿੱਚ ਆਈ।

ਮਾਤ-ਭਾਸ਼ਾ ਸਿਖਿਆਰਥੀ ਪਹਿਲਾਂ ਬੋਲਦਾ, ਪੜ੍ਹਦਾ ਅਤੇ ਲਿਖਦਾ ਹੈ। ਪਰ ਅਨੁਵਾਦ ਵਿਧੀ ਰਾਹੀਂ ਉਹ ਦੂਸਰੀ ਭਾਸ਼ਾ ਨੂੰ ਮਾਤ-ਭਾਸ਼ਾ ਵਾਂਗ ਗ੍ਰਹਿਣ ਨਹੀਂ ਕਰਦਾ ਉਹ ਪੜ੍ਹਨ ਅਤੇ ਲਿਖਣ ਵੱਲ ਜ਼ਿਆਦਾ ਧਿਆਨ ਦਿੰਦਾ ਹੈ। ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਨੁਵਾਦ ਵਿਧੀ ਅਧੂਰੀ ਵਿਧੀ ਹੈ। ਦੂਸਰੀ ਭਾਸ਼ਾ ਦੇ ਅਧਿਆਪਨ ਸਮੇਂ ਅਨੁਵਾਦ ਵਿਧੀ ਮਾਤਰ ਸਾਧਨ ਵਜੋਂ ਵਰਤੀ ਜਾ ਸਕਦੀ ਹੈ। ਜ਼ਰੂਰਤ ਅਨੁਸਾਰ ਇਹ ਵਿਧੀ ਵਰਤ ਲੈਣੀ ਚਾਹੀਦੀ। ਦੂਸਰੀ ਭਾਸ਼ਾ ਦਾ ਗਿਆਨ ਪ੍ਰਾਪਤ ਕਰਨ ਲਈ ਅਨੁਵਾਦ ਨੂੰ ਵਿਧੀ ਵਜੋਂ ਨਹੀਂ ਵਰਤਿਆ ਜਾ ਸਕਦਾ।

**ਪ੍ਰਤੱਖ ਵਿਧੀ:-**

ਪੰਜਾਬੀ ਭਾਸ਼ਾ ਦੇ ਅਧਿਆਪਨ ਦੀ ਦੂਸਰੀ ਵਿਧੀ ਪ੍ਰਤੱਖ ਵਿਧੀ ਹੈ। ਪ੍ਰਤੱਖ ਵਿਧੀ ਰਾਹੀਂ ਸਿਖਿਆਰਥੀ ਦਾ ਸਭਿਆਚਾਰ, ਸਮਾਜ ਨਾਲ ਸਿੱਧਾ ਸੰਪਰਕ ਹੁੰਦਾ ਹੈ। ਜਿਵੇਂ ਛੋਟਾ ਬੱਚਾ ਮਾਤ-ਭਾਸ਼ਾ ਆਪਣੇ ਚੌਗਿਰਦੇ ਵਿੱਚੋਂ ਪ੍ਰਤੱਖ ਸੰਪਰਕ ਨਾਲ ਗ੍ਰਹਿਣ ਕਰਦਾ ਹੈ।

> *"ਇਸ ਵਿਧੀ ਅਧੀਨ ਇਹ ਸਮਝ ਲਿਆ ਗਿਆ ਕਿ ਵਿਦੇਸ਼ੀ ਭਾਸ਼ਾ ਨੂੰ ਸਿੱਖਣ ਦੀ ਪ੍ਰਕਿਰਿਆ ਮਾਂ-ਬੋਲੀ ਨੂੰ ਸਿੱਖਣ ਨਾਲ ਮਿਲਦੀ-ਜੁਲਦੀ ਹੈ, ਇਸ ਲਈ ਵਿਦਿਆਰਥੀ ਨੂੰ ਭਾਸ਼ਾ ਨਾਲ ਸਿੱਧਾ ਸੰਪਰਕ ਬਣਾਉਣਾ ਚਾਹੀਦਾ ਹੈ।"* [11]

ਜਿਵੇਂ ਕਿਸੇ ਵਿਦੇਸ਼ੀ ਨੂੰ ਪੰਜਾਬੀ ਵਿਆਹ ਦੀਆਂ ਰਸਮਾਂ ਦੀ ਜਾਣਕਾਰੀ ਦੇਣੀ ਹੋਵੇ ਤਾਂ ਵਿਆਹ-ਸ਼ਾਦੀ ਵਾਲੇ ਘਰ ਲੈ ਜਾਣਾ ਜਿੱਥੇ ਵਿਆਹ ਦੀਆਂ ਰਸਮਾਂ ਦੀ ਤਸਵੀਰ ਸਪੱਸ਼ਟ ਰੂਪ ਵਿੱਚ ਉਘੜ ਕੇ ਸਾਹਮਣੇ ਆਉਂਦੀ ਹੈ।

ਪ੍ਰਤੱਖ ਵਿਧੀ ਕਲਾਸ ਦੇ ਕਮਰੇ ਵਿੱਚ ਦੂਸਰੀ ਭਾਸ਼ਾ ਦੇ ਅਧਿਆਪਨ ਲਈ ਵਰਤੀ ਜਾ ਸਕਦੀ ਹੈ। ਜੇਕਰ ਸਿਖਿਆਰਥੀ ਨੇ ਸਬਜ਼ੀਆਂ ਦੇ ਨਾਮ ਸਿੱਖਣੇ ਹਨ ਤਾਂ ਪ੍ਰਯੋਗਸ਼ਾਲਾ ਵਿੱਚ ਸਬਜ਼ੀਆਂ ਵਿਖਾਕੇ (ਸਲਗਮ, ਮਟਰ ਆਦਿ) ਸ਼ਬਦਾਂ ਦਾ ਗਿਆਨ ਕਰਵਾਇਆ ਜਾ ਸਕਦਾ ਹੈ। ਬੱਚੇ ਨੂੰ ਕਹਾਣੀ ਦਾ ਗਿਆਨ ਮਾਡਲ ਰਾਹੀਂ ਕਰਵਾਇਆ ਜਾ ਸਕਦਾ ਹੈ।

ਪ੍ਰਤੱਖ ਵਿਧੀ ਰਾਹੀਂ ਦੂਸਰੀ ਭਾਸ਼ਾ ਸੁਤੰਤਰ ਭਾਸ਼ਾ ਵਜੋਂ ਸਿਖਾਈ ਜਾਂਦੀ ਹੈ। ਪ੍ਰਤੱਖ

ਵਿੱਧੀ ਵਾਕ ਨੂੰ ਭਾਸ਼ਾ ਦੀ ਇਕਾਈ ਮੰਨਕੇ ਚਲਦੀ, ਨਾ ਕਿ ਸ਼ਬਦ ਨੂੰ।,

> *"The direct method follows the principle that the unit of speech should be sentence, not the word. It is in sentences that the child learns to talk, or at any rate in groups of words that imply a sentence."* [12]

ਕਿਉਂਕਿ ਸ਼ਬਦਾਂ ਦੇ ਮੂਲ ਅਰਥਾਂ ਅਤੇ ਪ੍ਰਸੰਗਕ ਅਰਥਾਂ ਵਿੱਚ ਕਈ ਵਾਰ ਪਰਿਵਰਤਨ ਵਾਪਰਦਾ ਹੈ। ਸਿਖਿਆਰਥੀ ਨੂੰ ਵਿਆਕਰਨ ਨਿਯਮਾਂ ਦੇ ਰੱਟੇ ਨਹੀਂ ਲਗਵਾਏ ਜਾਂਦੇ। ਵਾਕਾਂ ਦੇ ਉਚਾਰਨ ਨਾਲ ਵਿਆਕਰਨ ਨਿਯਮਾਂ ਦੀ ਜਾਣਕਾਰੀ ਪ੍ਰਾਪਤ ਹੋ ਜਾਵੇਗੀ। ਪੰਜਾਬੀ ਧੁਨੀਆਂ ਦੇ ਉਚਾਰਨ ਦੀ ਸੂਝ-ਬੂਝ ਸੁੱਤੇ-ਸਿੱਧ ਹੀ ਸਿਖਿਆਰਥੀ ਵਾਰ-ਵਾਰ ਉਚਾਰਨ ਨਾਲ ਸਿੱਖ ਲੈਂਦਾ ਹੈ।

ਵਿਦੇਸ਼ਾਂ ਵਿੱਚ ਰਹਿ ਰਹੇ ਪੰਜਾਬੀ ਬੱਚਿਆਂ ਨੂੰ ਮਾਤ-ਭਾਸ਼ਾ ਪੰਜਾਬੀ ਦੀ ਸਿਖਲਾਈ ਲਈ ਖਾਲਸਾ ਸਕੂਲ ਖੁੱਲ੍ਹ ਗਏ ਹਨ। ਇਨ੍ਹਾਂ ਸਕੂਲਾਂ ਵਿੱਚ ਬੱਚਿਆਂ ਨੂੰ ਸਿੱਖ ਇਤਿਹਾਸ, ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਜਾਣਕਾਰੀ ਵੀਡਿਓ ਤਕਨੀਕਾਂ ਰਾਹੀਂ ਮੁਹੱਈਆ ਕਰਵਾਈ ਜਾ ਰਹੀ ਹੈ। ਪੰਜਾਬ ਵਿੱਚ ਖਾਲਸਾ ਵਿਰਾਸਤ (ਆਨੰਦਪੁਰ ਸਾਹਿਬ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਰਬਾਰ ਸਾਹਿਬ (ਅੰਮ੍ਰਿਤਸਰ) ਵਿੱਚ ਸਥਾਪਿਤ ਮਿਊਜ਼ੀਅਮ ਪੰਜਾਬੀ ਭਾਸ਼ਾ ਦੀ ਅਤੇ ਵਿਰਸੇ ਦੀ ਸਪੱਸ਼ਟ ਤਸਵੀਰ ਪੇਸ਼ ਕਰ ਰਹੇ ਹਨ।

ਭਾਸ਼ਾ ਵਿਗਿਆਨੀਆਂ ਅਨੁਸਾਰ ਪ੍ਰਤੱਖ ਵਿਧੀ ਵੀ ਅਧੂਰੀ ਹੈ।

* ਕਿਸੇ ਵੀ ਭਾਸ਼ਾ ਦਾ ਸਬੰਧ ਭੂਗੋਲਿਕ ਚੌਗਿਰਦੇ ਨਾਲ ਹੁੰਦਾ ਹੈ, ਜਿਸ ਨੂੰ ਜਮਾਤ ਦੇ ਕਮਰੇ ਵਿੱਚ ਸਿਰਜਣਾ ਅਸੰਭਵ ਹੈ।

* ਪ੍ਰਤੱਖ ਵਿਧੀ ਉਚਾਰਨ ਤੇ ਜ਼ਿਆਦਾ ਬੱਲ ਦਿੰਦੀ ਹੈ, ਲਿਖਣ ਅਤੇ ਪੜ੍ਹਨ ਦਾ ਕੌਸ਼ਲ ਦੁਜੈਲੇ ਪੱਧਰ ਤੇ ਆ ਜਾਂਦਾ ਹੈ। ਭਾਸ਼ਾ ਦਾ ਗਿਆਨ ਸੀਮਿਤ ਰਹਿ ਜਾਂਦਾ ਹੈ।

* ਮਨ ਦੇ ਸਥਾਈ ਭਾਵ ਆਨੰਦ, ਗੁੱਸਾ, ਹਾਸਾ ਆਦਿ ਦੀ ਸ਼ਾਬਦਿਕ ਜਾਣਕਾਰੀ ਸਿਰਫ ਸਭਿਆਚਾਰ ਵਿੱਚ ਵਿਚਰ ਕੇ ਹੀ ਸਿੱਖ ਸਕਦਾ ਹੈ।

* ਸਿਖਿਆਰਥੀ ਵਿਆਕਰਨ ਤੇ ਪੂਰੀ ਪਕੜ ਸਿੱਖਿਆ ਦੁਆਰਾ ਗ੍ਰਹਿਣ ਕਰ ਸਕਦਾ ਹੈ, ਸੁੱਤੇ-ਸਿੱਧ ਵਿਆਕਰਨ ਦੇ ਨਿਯਮਾਂ ਤੋਂ ਜਾਣੂ ਹੋਣਾ ਗਲਤ ਧਾਰਨਾ ਹੈ, ਕਿਉਂਕਿ ਵਿਆਕਰਨ ਨੇਮਾਂ ਤੇ ਅਧਾਰਿਤ ਇਕ ਗੁੰਝਲਦਾਰ ਪ੍ਰਬੰਧ ਹੈ।

* ਡਾ. ਬਲਦੇਵ ਰਾਜ ਗੁਪਤਾ ਨੇ ਪ੍ਰਤੱਖ ਵਿਧੀ ਦੇ ਔਗੁਣਾਂ ਦੀ ਚਰਚਾ ਕਰਦੇ ਵਿਚਾਰ ਪ੍ਰਗਟਾਏ ਹਨ,

> *"ਪ੍ਰਤੱਖ ਵਿਧੀ ਬਹੁਤ ਚੰਗੀ ਹੁੰਦਿਆਂ ਹੋਇਆ ਵੀ ਸੰਪੂਰਨ ਨਹੀਂ ਹੈ ਇਸ ਵਿਧੀ ਵਿੱਚ ਮੌਖਿਕ ਕੰਮ ਤੇ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ। ਇਹ ਵਿਧੀ ਬਹੁਤ ਮਹਿੰਗੀ ਵੀ ਹੈ ਅਤੇ ਬਹੁਤ ਸਕੂਲ ਇਸ ਲਈ ਲੋੜੀਂਦੀ ਸਹਾਇਕ ਸਮੱਗਰੀ ਵੀ ਉਪਲੱਬਧ ਨਹੀਂ ਕਰਵਾ ਸਕਦੇ।"* [13]

**ਤੁਲਨਾਤਮਕ ਵਿਧੀ ਜਾਂ ਟਾਕਰਵੀ ਵਿਧੀ:**

ਤੁਲਨਾਤਮਕ ਵਿਧੀ ਦਾ ਸੰਬੰਧ ਦੋ ਭਾਸ਼ਾਵਾਂ ਦੀ ਆਪਸੀ ਤੁਲਨਾ ਨਾਲ ਹੈ। ਜੇਕਰ ਪੰਜਾਬੀ ਸਿਖਿਆਰਥੀ ਨੇ ਅੰਗਰੇਜ਼ੀ ਭਾਸ਼ਾ ਦਾ ਗਿਆਨ ਪਰਾਪਤ ਕਰਨਾ ਹੈ ਤਾਂ ਪੰਜਾਬੀ ਉਸ ਦੀ ਮਾਤ-ਭਾਸ਼ਾ ਹੈ, ਅੰਗਰੇਜ਼ੀ ਉਸ ਦੀ ਟੀਚਾ-ਭਾਸ਼ਾ ਹੈ। ਸਾਰੀਆਂ ਭਾਸ਼ਾਵਾਂ ਵਿੱਚ ਕੁਝ ਸਮਾਨਤਾਵਾਂ ਅਤੇ ਅਸਮਾਨਤਾਵਾਂ ਪਾਈਆਂ ਜਾਂਦੀਆਂ ਹਨ, ਸਮਾਨਤਾਵਾਂ ਅਤੇ ਅਸਮਾਨਤਾਵਾਂ ਭਾਸ਼ਾ ਦੇ ਤੁਲਨਾਮਤਕ ਅਧਿਐਨ ਨਾਲ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

> *"ਤੁਲਨਾ ਕਰਨ ਲਈ ਰਲਦੀਆਂ ਮਿਲਦੀਆਂ ਜਾਂ ਨੇੜਤਾ ਵਾਲੀਆਂ ਦੋ ਜਾਂ ਦੋ ਤੋਂ ਵੱਧ ਕਲਾਸੀਕਲ ਭਾਸ਼ਾਵਾਂ ਜਾਂ ਇਕ ਕਲਾਸੀਕਲ ਅਤੇ ਬਾਕੀ ਮੱਧ ਯੁੱਗੀ ਜਾਂ ਆਧੁਨਿਕ ਭਾਸ਼ਾਵਾਂ ਲੈ ਲਈਆਂ ਜਾਂਦੀਆਂ ਹਨ। ਇਨ੍ਹਾਂ ਦੇ ਆਪਸੀ ਸੰਬੰਧ ਸਥਾਪਤ ਕਰਨ ਮਗਰੋਂ ਮੂਲ-ਭਾਸ਼ਾ (Proto-language) ਸਿਰਜਣਾ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।"* [14]

"ਤੁਲਨਾਤਮਕ ਭਾਸ਼ਾ ਵਿਗਿਆਨਕ ਅਧਿਆਪਨ ਲਈ ਦੋਵਾਂ ਭਾਸ਼ਾਵਾਂ ਦੀਆਂ ਧੁਨੀਆਂ, ਸ਼ਬਦਾਂ, ਉਪਵਾਕਾਂ, ਵਾਕਾਂ ਦੀ ਤੁਲਨਾ ਕੀਤੀ ਜਾਂਦੀ ਹੈ। ਉਸ ਤੋਂ ਬਾਅਦ ਦੂਸਰੀ ਭਾਸ਼ਾ ਦਾ ਪਾਠਕ੍ਰਮ ਸਿਰਜਿਆ ਜਾਂਦਾ ਜਿਸ ਆਧਾਰ ਤੇ ਭਾਸ਼ਾ ਅਧਿਆਪਨ ਲਈ ਪਾਠ-ਪੁਸਤਕਾਂ ਤਿਆਰ ਕੀਤੀਆਂ ਜਾਂਦੀਆਂ ਹਨ। ਤੁਲਨਾਤਮਕ ਵਿਧੀ ਦੇ ਅਧਾਰ ਤੇ ਦੋ ਭਾਸ਼ਾਵਾਂ ਦੀਆਂ ਪ੍ਰਣਾਲੀਆਂ ਅਤੇ ਨਿਯਮਾਂ ਦਾ ਟਾਕਰਾ ਭਾਸ਼ਾ ਦੇ ਗਹਿਨ ਅਧਿਐਨ ਲਈ ਸਿਖਿਆਰਥੀ ਨੂੰ ਪ੍ਰੇਰਦਾ ਹੈ। ਗਹਿਨ ਅਧਿਐਨ ਭਾਸ਼ਾ ਦੇ ਨਵੇਂ ਸਿਧਾਂਤਾਂ ਨੂੰ ਜਨਮ ਦਿੰਦਾ ਹੈ। ਇਸ ਵਿਧੀ ਦੇ ਆਧਾਰ ਤੇ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਸਮਾਨਤਾਵਾਂ ਅਤੇ ਅਸਮਾਨਤਾਵਾਂ ਸਾਹਮਣੇ ਆਈਆਂ ਹਨ। ਟਾਂਕਰਵੀ ਵਿਧੀ ਨਾਲ ਭਾਸ਼ਾ ਦੇ ਵਿਕਾਸ ਪੜਾਅ ਤੈਅ ਕਰਨ ਵਿੱਚ ਕਾਫੀ ਮੱਦਦ ਮਿਲੀ ਹੈ।

ਉਪ੍ਰੋਕਤ ਵਿਧੀਆਂ ਦੂਸਰੀ ਭਾਸ਼ਾ ਦੇ ਅਧਿਆਪਨ ਵਿੱਚ ਸਹਾਇਕ ਸਿੱਧ ਹੁੰਦੀਆਂ ਹਨ। ਹਰ ਵਿਧੀ ਦਾ ਆਪਣਾ ਖਾਸਾ ਮਹੱਤਵ ਹੈ। ਕਿਸੇ ਵੀ ਵਿਧੀ ਨੂੰ ਤਰੁੱਟੀਆਂ ਹੋਣ ਦੇ ਬਾਵਜੂਦ ਵੀ ਨਕਾਰਿਆ ਜਾਣਾ ਸੰਭਵ ਨਹੀਂ ਹੈ। ਦੂਸਰੀ ਭਾਸ਼ਾ ਦਾ ਗਿਆਨ ਹਾਸਿਲ ਕਰਨਾ ਸਿਖਿਆਰਥੀ ਦੀ ਜ਼ਰੂਰਤ ਬਣ ਗਿਆ ਹੈ। ਵਰਤਮਾਨ ਦੌਰ ਵਿੱਚ ਭਾਰਤੀ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਨ ਲਈ ਵਿਦੇਸ਼ਾਂ ਵਿੱਚ ਜਾ ਰਹੇ ਹਨ। ਉਨ੍ਹਾਂ ਲਈ ਅੰਗਰੇਜ਼ੀ ਭਾਸ਼ਾ ਦੀ ਸਹੀ ਸਮਝ, ਬੋਲਣ ਅਤੇ ਲਿਖਣ ਦੀ ਕੁਸ਼ਲਤਾ ਲਈ 'IE LTS' ਅਤੇ 'TOFEL' ਟੈਸਟ ਜ਼ਰੂਰੀ ਕਰ ਦਿੱਤੇ ਹਨ ਤਾਂ ਜੋ ਵਿਦਿਆਰਥੀ ਦੂਸਰੇ ਸਮਾਜ ਵਿੱਚ ਜਾ ਕੇ ਵਿਚਾਰਾਂ ਦਾ ਆਦਾਨ-ਪ੍ਰਦਾਨ ਆਸਾਨੀ ਨਾਲ ਕਰ ਸਕੇ। ਇਸ ਵਿਧੀ ਤਹਿਤ ਸਿਖਿਆਰਥੀ ਨੂੰ ਵੀਡੀਓ ਅਤੇ ਆਡੀਓ ਸਹੂਲਤਾਂ ਦੁਆਰਾ ਦੂਸਰੀ ਭਾਸ਼ਾ ਦਾ ਗਿਆਨ ਹਾਸਿਲ ਕਰਵਾਇਆ ਜਾਂਦਾ ਹੈ। ਇਸ ਤਰ੍ਹਾਂ ਸਮਾਜਿਕ ਪਰਿਵਰਤਨਾਂ ਅਤੇ ਸਮੇਂ ਦੀ ਜ਼ਰੂਰਤ ਦੇ ਅਧਾਰ 'ਤੇ ਸਰਕਾਰੀ ਸਕੂਲਾਂ ਵਿੱਚ ਅਧਿਆਪਨ

ਦੀਆਂ ਵਿਧੀਆਂ (ਐਜੂਸੈਟ, ਪ੍ਰੋਜੈਕਟਰ, ਸਮਾਰਟ ਕਲਾਸ ਆਦਿ) ਵਿਧੀਆ ਰਾਹੀਂ ਭਾਸ਼ਾ ਦੀ ਜਾਣਕਾਰੀ ਮੁਹੱਈਆ ਕਰਵਾਈ ਜਾ ਰਹੀ ਹੈ। ਯੂਨੀਵਰਸਿਟੀ ਅਤੇ ਕਾਲਜ ਪੱਧਰ ਤੇ Presentation ਬਣਾ ਕੇ ਭਾਸ਼ਾ ਅਧਿਆਪਨ ਕਰਵਾਇਆ ਜਾਣਾ ਸ਼ੁਰੂ ਹੋ ਗਿਆ ਹੈ।

ਜਦੋਂ ਅਧਿਆਪਕ ਬੀ. ਐੱਡ ਦੀ ਵਿਦਿਆ ਪ੍ਰਾਪਤ ਕਰ ਰਿਹਾ ਹੁੰਦਾ ਹੈ ਤਾਂ ਅਧਿਆਪਨ ਪ੍ਰਕਿਰਿਆ (TP) ਦੌਰਾਨ ਆਪਣਾ ਪਾਠ ਮਾਡਲ, Presentation ਰਾਹੀਂ ਪੇਸ਼ ਕਰਦਾ ਹੈ। ਪਰ ਇਹ ਸਿਰਫ ਉਹ ਜਦੋਂ ਖ਼ੁਦ ਸਿਖਿਆਰਥੀ ਹੁੰਦਾ ਹੈ ਉਨ੍ਹਾਂ ਸਮਾਂ ਹੀ ਅਪਣਾਉਂਦਾ ਹੈ ਪਰ ਜਦੋਂ ਅਧਿਆਪਨ ਨੂੰ ਵਿਵਸਾਏ ਵਜੋਂ ਅਪਣਾਉਂਦਾ ਤਾਂ ਕਦੇ ਵੀ ਸਿਖਾਈਆਂ ਵਿਧੀਆਂ ਦੀ ਵਰਤੋਂ ਨਹੀਂ ਕਰਦਾ।

ਦੂਸਰੀ ਭਾਸ਼ਾ ਦੀ ਸਿੱਖਿਆ ਦਾ ਸਬੰਧ ਭਾਸ਼ਾ ਦੀ ਸਮਾਜਿਕ ਵਰਤੋਂ ਨਾਲ ਹੈ। ਭਾਸ਼ਾ ਗ੍ਰਹਿਣ ਕਰਨ ਦਾ ਮਨੋਰਥ ਸਿਰਫ਼ ਵਿਆਕਰਨਕ ਸਮਰੱਥਾ ਦੀ ਜਾਣਕਾਰੀ ਪ੍ਰਾਪਤ ਕਰਨਾ ਹੀ ਨਹੀਂ ਸਗੋਂ ਸਮਾਜ ਵਿਚ ਸਬੰਧ ਸਥਾਪਿਤ ਕਰਨ ਲਈ ਸੰਚਾਰ ਸਮਰੱਥਾ ਵਿਚ ਨਿਪੁੰਨਤਾ ਪ੍ਰਾਪਤ ਕਰਨਾ ਵੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਸ.ਸ. ਜੋਸ਼ੀ, ਦੂਸਰੀ ਭਾਸ਼ਾ ਵਜੋਂ ਪੰਜਾਬੀ ਅਧਿਆਪਨ, ਪੰਜਾਬੀ ਭਾਸ਼ਾ ਦਾ ਅਧਿਆਪਨ (ਸੰਪਾਦਨ ਡਾ. ਧਨਵੰਤ ਕੌਰ), ਪੰਨਾ: 53
2. ਉਹੀ, ਪੰਨਾ: 53
3. ਡਾ. ਪਰਮਜੀਤ ਸਿੰਘ ਸਿੱਧੂ, ਮਾਨਵ ਵਿਗਿਆਨਕ ਭਾਸ਼ਾ ਵਿਗਿਆਨ, ਪੰਨਾ: 70
4. ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ, ਪੰਨਾ: 100
5. ਡਾ. ਪਰਮਜੀਤ ਸਿੰਘ ਸਿੱਧੂ, ਮਾਨਵ ਵਿਗਿਆਨਕ ਭਾਸ਼ਾ ਵਿਗਿਆਨ, ਪੰਨਾ: 78
6. H. Champion, Lectures on teaching English in India, P. 36
7. ਡਾ. ਪਰਮਜੀਤ ਸਿੰਘ ਢੀਂਗਰਾ, ਭਾਸ਼ਾ ਸਿਧਾਂਤ ਤੇ ਸਰੋਕਾਰ, ਪੰਨਾ: 43
8. H. Champion, Lectures on teaching English in India, P. 37
9. ਡਾ. ਬਲਦੇਵ ਰਾਜ ਗੁਪਤਾ, ਪੰਜਾਬੀ ਸਿਕਸ਼ਣ ਕਲਾ, ਪੰਨਾ: 44
10. ਨਿਰੰਜਨ ਸਿੰਘ ਢੇਸੀ (ਸੰਪਾਦਕ), ਪੰਜਾਬੀ ਭਾਸ਼ਾ-ਸਮੱਸਿਆ ਅਤੇ ਸਮਾਧਾਨ, ਪੰਨਾ: 3
11. ਡਾ. ਪਰਮਜੀਤ ਸਿੰਘ ਸਿੱਧੂ, ਮਾਨਵ ਵਿਗਿਆਨਕ ਭਾਸ਼ਾ ਵਿਗਿਆਨ, ਪੰਨਾ: 68
12. H. Champion, Lectures on teaching English in India, P. 44
13. ਡਾ. ਬਲਦੇਵ ਰਾਜ ਗੁਪਤਾ, ਪੰਜਾਬੀ ਸਿਕਸ਼ਣ ਕਲਾ, ਪੰਨਾ: 49
14. ਡਾ. ਪਰਮਜੀਤ ਸਿੰਘ ਸਿੱਧੂ, ਮਾਨਵ ਵਿਗਿਆਨਕ ਭਾਸ਼ਾ ਵਿਗਿਆਨ, ਪੰਨਾ: 73

# ਅਧਿਆਇ-3

## ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਪ੍ਰਾਪਤ ਖੋਜ ਦਾ ਵਿਸ਼ਲੇਸ਼ਣਾਤਮਕ ਅਧਿਐਨ

ਪੰਜਾਬੀ ਪੰਜਾਬ ਦੀ ਰਾਜ ਭਾਸ਼ਾ ਹੈ। ਪੰਜਾਬੀ ਸਕੂਲ, ਕਾਲਜ ਅਤੇ ਯੂਨੀਵਰਸਿਟੀ ਪੱਧਰ ਤੇ ਸਿੱਖਿਆ ਤੇ ਪ੍ਰੀਖਿਆ ਦਾ ਮਾਧਿਅਮ ਵੀ ਹੈ। ਪੰਜਾਬੀ ਭਾਸ਼ਾ ਭਾਰਤੀ ਸੰਵਿਧਾਨ ਵਿੱਚ ਪ੍ਰਵਾਨਿਤ ਨੈਸ਼ਨਲ ਅਤੇ ਖੇਤਰੀ ਭਾਸ਼ਾ ਹੈ। ਇਸ ਦਾ ਅਧਿਆਪਨ ਸਕੂਲ, ਕਾਲਜ ਅਤੇ ਯੂਨੀਵਰਸਿਟੀ ਪੱਧਰ ਤੇ ਕਰਵਾਇਆ ਜਾਂਦਾ ਹੈ। ਵਿਸ਼ਵ ਵਿੱਚ ਬੋਲੀਆਂ ਜਾਂਦੀਆਂ ਭਾਸ਼ਾਵਾਂ ਵਿੱਚ ਪੰਜਾਬੀ ਦਾ ਸਥਾਨ ਤਕਰੀਬਨ ਬਾਰ੍ਹਵਾਂ ਹੈ। ਪੰਜਾਬੀ ਪੰਜਾਬ ਵਿੱਚ ਹੀ ਨਹੀਂ ਸਗੋਂ ਗੁਆਂਢੀ ਰਾਜਾਂ ਤੋਂ ਇਲਾਵਾ ਪਾਕਿਸਤਾਨ ਅਤੇ ਦੂਸਰੇ ਯੂਰਪੀ ਦੇਸ਼ਾਂ ਅਤੇ ਅਫਰੀਕਾ ਮਹਾਂਦੀਪ ਦੇ ਦੇਸ਼ਾਂ ਵਿੱਚ ਵੀ ਪੜ੍ਹੀ ਅਤੇ ਪੜ੍ਹਾਈ ਜਾਂਦੀ ਹੈ। ਇਸ ਲਈ ਪੰਜਾਬੀ ਭਾਸ਼ਾ ਦਾ ਅਧਿਆਪਨ ਸਿਰਫ ਮਾਤ-ਭਾਸ਼ਾ ਦੇ ਅਧਿਆਪਨ ਤੱਕ ਸੀਮਿਤ ਨਾ ਹੋ ਕੇ ਬਤੌਰ ਦੂਸਰੀ ਅਤੇ ਵਿਦੇਸ਼ੀ ਭਾਸ਼ਾ ਵਜੋਂ ਹੀ ਕਰਵਾਇਆ ਜਾਂਦਾ ਹੈ। ਅੱਜ ਦੇ ਯੁੱਗ ਵਿੱਚ ਖੋਜ ਦਾ ਖੇਤਰ ਬਹੁਤ ਵਿਸ਼ਾਲ ਹੋ ਗਿਆ ਹੈ। ਖੋਜ ਤੋਂ ਭਾਵ ਕਿਸੇ ਤੱਥ ਜਾਂ ਸੱਚਾਈ ਨੂੰ ਲੱਭਣ ਦੀ ਕੋਸ਼ਿਸ਼ ਹੈ। ਖੋਜ ਮਨੁੱਖ ਦੀ ਸਿਰਜਕ ਸ਼ਕਤੀ ਦੇ ਵਿਕਾਸ ਦਾ ਨਾਂ ਹੈ। ਖੋਜ ਭਾਵੇਂ ਕਿਸੇ ਵੀ ਵਿਸ਼ੇ ਨਾਲ ਸੰਬੰਧਿਤ ਹੋਵੇ, ਉਸ ਦਾ ਮੂਲ ਸੁਭਾਅ ਵਿਗਿਆਨਕ ਹੈ। ਇਸ ਅਧਿਆਇ ਪੱਤਰ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਪ੍ਰਾਪਤ ਖੋਜ ਦਾ ਵਿਸ਼ਲੇਸ਼ਣਾਤਮਕ ਅਧਿਐਨ ਪ੍ਰਸਤੁਤ ਕੀਤਾ ਹੈ। ਪੰਜਾਬੀ ਭਾਸ਼ਾ ਦੇ ਅਧਿਆਪਨ ਨਾਲ ਸੰਬੰਧਿਤ ਉਪਲੱਬਧ ਸਮੱਗਰੀ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ:-

1. ਪ੍ਰਕਾਸ਼ਿਤ ਪੁਸਤਕਾਂ
1.1 ਮੌਲਿਕ ਪੁਸਤਕਾਂ
1.2 ਸੰਪਾਦਿਤ ਪੁਸਤਕਾਂ
2. ਖੋਜ ਪੱਤਰ/ਪੱਤਰਕਾਵਾਂ
3. ਐਮ., ਫਿਲ/ਪੀ-ਐੱਚ.ਡੀ. ਪੱਧਰ ਤੇ ਪ੍ਰਵਾਨਿਤ ਖੋਜ ਨਿਬੰਧ।

1. ਪ੍ਰਕਾਸ਼ਿਤ ਪੁਸਤਕਾਂ
1.1 ਮੌਲਿਕ ਪੁਸਤਕਾਂ

ਪ੍ਰਕਾਸ਼ਿਤ ਪੁਸਤਕਾਂ ਵਿੱਚ ਪ੍ਰੋ. ਸਤਵੰਤ ਕੋਛੜ ਅਤੇ ਪ੍ਰੋ. ਸੰਤ ਸਿੰਘ ਭਾਟੀਆ ਦੀ ਪੁਸਤਕ **"ਮਾਤ ਭਾਸ਼ਾ ਪੰਜਾਬੀ ਦੀ ਸਿੱਖਿਆ"** (1953) ਸ਼ਾਮਿਲ ਹੈ। ਇਸ ਪੁਸਤਕ ਦੇ

ਸ਼ੁਰੂ ਵਿੱਚ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਵੱਲੋਂ ਪੰਜਾਬੀ ਬੋਲੀ ਨੂੰ ਜੋ ਸਥਾਨ ਦਿੱਤਾ ਗਿਆ ਹੈ ਉਸ ਦਾ ਵਿਸਥਾਰ ਸਾਹਿਤ ਵੇਰਵਾ ਦਿੱਤਾ ਗਿਆ ਹੈ। ਇਸ ਪੁਸਤਕ ਵਿੱਚ ਜਬਾਨੀ ਵਿਦਿਆ ਦੇਣ, ਮੁੱਢਲੀ ਸਿਖਿਆ ਦੇਣਾ, ਪੁਸਤਕਾਂ ਪੜ੍ਹਾਉਣ, ਨਿਬੰਧ ਰਚਣ ਆਦਿ ਬਾਰੇ ਲੇਖਕਾਂ ਨੇ ਪਾਠਕਾਂ ਨੂੰ ਅਤੇ ਅਧਿਆਪਕਾਂ ਨੂੰ ਸੁਝਾਉ ਦਿੱਤੇ ਹਨ। ਲੇਖਕਾਂ ਨੇ ਇਹ ਮੱਤ ਪੇਸ਼ ਕੀਤਾ ਹੈ ਕਿ ਕੋਈ ਵਿਦਿਆ ਅਤੇ ਸਿਖਿਆ ਉਨੀ ਦੇਰ ਸਫਲ ਨਹੀਂ ਹੋ ਸਕਦੀ ਜਿੰਨੀ ਦੇਰ ਤੱਕ ਸਿੱਖਿਆ ਜਾਂ ਵਿਦਿਆ ਪ੍ਰਣਾਲੀ ਦਾ ਮਾਧਿਅਮ ਸ਼ੁਧ ਤੇ ਠੇਠ ਮਿਆਰ ਕਾਇਮ ਨਾ ਕੀਤਾ ਜਾਵੇ। ਲੇਖਕਾਂ ਨੇ ਵਿਆਕਰਨ, ਸ਼ਬਦ ਜੋੜ ਸੰਬੰਧੀ ਸਿੱਖਿਆ ਤੇ ਵੀ ਰੋਸ਼ਨੀ ਪਾਈ ਹੈ। ਕਵਿਤਾ ਪੜ੍ਹਨਾ ਤੇ ਪੜ੍ਹਾਉਣ ਅਤੇ ਵਾਰਤਕ ਪੜ੍ਹਨ ਤੇ ਪੜ੍ਹਾਉਣ ਨੂੰ ਨਿਖੜਵੇਂ ਢੰਗ ਨਾਲ ਬਿਆਨ ਕੀਤਾ ਹੈ। ਲੇਖਕਾਂ ਦਾ ਕਹਿਣਾ ਹੈ ਕਿ ਬੋਲੀ ਇਨ੍ਹਾਂ ਦੋਹਾਂ ਅੰਗਾਂ ਨੂੰ ਜਾਣਨ ਨਾਲ ਪਾਠਕ ਸਾਹਿਤਕ ਸੂਝ ਦੇ ਖੇਤਰ ਵਿੱਚ ਦਾਖਲ ਹੋ ਜਾਂਦਾ ਹੈ।

ਡਾ. ਰੌਸ਼ਨ ਲਾਲ ਆਹੂਜਾ ਦੀ ਪੁਸਤਕ "**ਮਾਤ ਭਾਸ਼ਾ ਦੀ ਸਿੱਖਿਆ**" ਵਿੱਚ ਲੇਖਕ ਨੇ ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ 23 ਅਧਿਆਇ ਸ਼ਾਮਿਲ ਕੀਤੇ ਗਏ ਹਨ। ਇਸ ਪੁਸਤਕ ਵਿੱਚ ਸਭ ਤੋਂ ਪਹਿਲਾਂ ਪੰਜਾਬੀ ਭਾਸ਼ਾ ਦਾ ਇਤਿਹਾਸ ਪੇਸ਼ ਕੀਤਾ ਗਿਆ ਹੈ। ਇਸ ਪੁਸਤਕ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਦੀਆਂ ਵਿਧੀਆਂ, ਸਮੱਸਿਆਵਾਂ ਬਾਰੇ ਵਰਨਣ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਕੂਲ ਅਤੇ ਕਾਲਜ ਪੱਧਰ ਤੇ ਪੰਜਾਬੀ ਭਾਸ਼ਾ ਦੇ ਅਧਿਆਪਨ ਦੀ ਗੱਲ ਕੀਤੀ ਹੈ ਅਤੇ ਅਧਿਆਪਨ ਸੰਬੰਧੀ ਨਵੀਆਂ ਵਿਧੀਆਂ ਅਪਣਾਉਣ ਦੀ ਗੱਲ ਵੀ ਕੀਤੀ ਗਈ ਹੈ।

ਰਵੇਲ ਸਿੰਘ ਦੀ ਪੁਸਤਕ "**ਅਸੀਂ ਕਿਵੇਂ ਪੜ੍ਹਾਈਏ**" ਨੂੰ ਲੇਖਕ ਨੇ ਦੋ ਭਾਗਾਂ ਵਿੱਚ ਵੰਡਿਆ ਹੈ। ਇਸ ਦੇ ਪਹਿਲੇ ਭਾਗ ਵਿੱਚ ਲੇਖਕ ਨੇ ਪੜ੍ਹਾਉਣ ਦੀਆਂ ਵਿਧੀਆਂ ਅਤੇ ਫਿਰ ਪੜ੍ਹਾਉਣ ਦੀਆਂ ਵਿਸ਼ੇਸ਼ ਵਿਧੀਆਂ ਦੀ ਗੱਲ ਕੀਤੀ ਹੈ। ਦੂਸਰੇ ਭਾਗ ਵਿੱਚ ਵੱਖ-ਵੱਖ ਵਿਸ਼ੇ ਪੜ੍ਹਾਉਣ ਦੀਆਂ ਵਿਧੀਆਂ 'ਤੇ ਚਾਨਣਾ ਪਾਇਆ ਹੈ। ਦੂਸਰੇ ਭਾਗ ਦੇ ਪੰਦਰਵੇਂ ਅਧਿਆਇ "ਮਾਤ ਭਾਸ਼ਾ ਦੀ ਸਿਖਿਆ" ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਦੀਆਂ ਵਿਧੀਆਂ ਤੇ ਵਿਸਥਾਰ ਸਹਿਤ ਚਰਚਾ ਕੀਤੀ ਹੈ।

ਪ੍ਰੋ. ਉੱਤਮ ਸਿੰਘ ਦੀ ਪੁਸਤਕ "**ਪੰਜਾਬੀ ਦੀ ਸਿੱਖਿਆ ਦੇ ਸਿਧਾਂਤ**" ਵਿੱਚ ਲੇਖਕ ਨੇ ਇਸ ਵਿਚਾਰ ਨੂੰ ਮੁੱਖ ਰੱਖਿਆ ਹੈ ਕਿ ਮਾਤ-ਬੋਲੀ ਨੂੰ ਪੜ੍ਹਾਉਣ ਦੇ ਸਿਧਾਂਤਾਂ ਤੇ ਵਿਧੀਆਂ ਦੀ ਨਵੇਂ ਸਿਰਿਓਂ ਜਾਂਚ ਕੀਤੀ ਜਾਏ। ਇਸ ਵਿੱਚ ਮਨੋਵਿਗਿਆਨਕ ਦ੍ਰਿਸ਼ਟੀਕੋਣ ਅਪਣਾਇਆ ਗਿਆ ਹੈ। ਲੇਖਕ ਨੇ ਬੱਚੇ ਦੇ ਮਾਨਸਿਕ ਵਿਕਾਸ ਬਾਰੇ ਗੱਲ ਕਰਦਿਆਂ ਕਿਹਾ ਹੈ ਕਿ ਹਰ ਬੱਚੇ ਦੇ ਮਾਨਸਿਕ ਵਿਕਾਸ ਦੇ ਕੁਝ ਪੜਾਓ ਹਨ ਜਿਨ੍ਹਾਂ ਉੱਪਰ ਉਸਦੇ ਸੁਭਾਅ ਦੇ ਖਾਸ ਗੁਣ ਪ੍ਰਗਟ ਹੁੰਦੇ ਹਨ। ਇਸ ਵਿਚਾਰ ਅਧੀਨ ਲੇਖਕ ਨੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਦੀਆਂ ਸਮੱਸਿਆਵਾਂ ਨੂੰ ਇੱਕ ਦੂਜੇ ਨਾਲੋਂ ਨਿਖੇੜ ਕੇ ਵੇਖਿਆ ਹੈ। ਇਸ ਪੁਸਤਕ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ। ਇਸ ਪੁਸਤਕ ਦੇ ਪਹਿਲੇ ਦੋ ਅਧਿਆਏ ਵਿੱਚ ਮਾਤ ਬੋਲੀ ਦੀ ਵਿਸ਼ੇਸ਼ਤਾ ਦੀ ਇਤਿਹਾਸਕ ਤੇ ਸਿਧਾਂਤਕ

ਚਰਚਾ ਕੀਤੀ ਗਈ ਹੈ। ਦੂਸਰੇ ਭਾਗ ਦੇ ਅਧਿਆਇ ਤਿੰਨ ਤੋਂ ਗਿਆਰਾਂ ਦਾ ਸੰਬੰਧ ਪ੍ਰਾਇਮਰੀ ਸਕੂਲਾਂ ਵਿੱਚ ਮਾਤ ਭਾਸ਼ਾ ਦੀ ਸਿੱਖਿਆ ਨਾਲ ਹੈ। ਅਧਿਆਇ ਬਾਰਾਂ ਤੋਂ ਅਠਾਰਾਂ ਤੱਕ ਵਿੱਚ ਸੈਕੰਡਰੀ ਸਕੂਲਾਂ ਵਿੱਚ ਮਾਤ ਬੋਲੀ ਦੀ ਸਿੱਖਿਆ ਦੇ ਸਿਧਾਂਤਾਂ ਨੂੰ ਸਪੱਸ਼ਟ ਕੀਤਾ ਹੈ। ਚੌਥੇ ਭਾਗ ਦੇ ਅਧਿਆਇ ਉਨੀ ਤੋਂ ਇੱਕੀ ਤੱਕ ਦਾ ਸੰਬੰਧ ਤਿੰਨ ਵੱਡੀਆਂ ਸਮੱਸਿਆਵਾਂ ਪੜ੍ਹਨ ਲਿਖਣ ਵਿੱਚ ਪਛੜਿਆ ਬੱਚਾ, ਬੋਲੀ ਦੀ ਸਿੱਖਿਆ ਲਈ ਦ੍ਰਿਸ਼ਟੀ ਸਰੋਤ ਸਹਾਇਕ ਸਾਧਨ ਅਤੇ ਮਾਤ ਬੋਲੀ ਦੀਆਂ ਯੋਗਤਾਵਾਂ ਲਈ ਪ੍ਰੀਖਿਆ ਦੇ ਨਾਲ ਹੈ।

ਡਾ. ਜਸਵੰਤ ਸਿੰਘ ਜਸ ਦੀ ਪੁਸਤਕ "**ਮਾਤ ਭਾਸ਼ਾ ਦੀ ਸਿਖਿਆ**" (1984) ਵਿੱਚ ਲੇਖਕ ਨੇ ਪੰਜਾਬੀ ਭਾਸ਼ਾ ਇਤਿਹਾਸ ਨਾਲ ਜਾਣ-ਪਛਾਣ ਕਰਵਾਈ ਹੈ। ਇਸ ਤੋਂ ਇਲਾਵਾ ਮਾਤ-ਭਾਸ਼ਾ ਦੇ ਅਧਿਆਪਨ ਦੀਆਂ ਵਿਧੀਆਂ ਅਤੇ ਸਮੱਸਿਆਵਾਂ ਦਾ ਵਰਨਣ ਕੀਤਾ ਹੈ।

ਇੰਦਰਦੇਵ ਨੰਦਰਾ ਦੀ ਪੁਸਤਕ "**ਆਧੁਨਿਕ ਪੰਜਾਬੀ ਅਧਿਆਪਨ**" (1992) ਵਿੱਚ ਲੇਖਕ ਨੇ ਭਾਸ਼ਾ ਅਤੇ ਉਸ ਦਾ ਮਹੱਤਵ, ਪੰਜਾਬੀ ਬੋਲੀ ਦਾ ਨਿਕਾਸ ਅਤੇ ਵਿਕਾਸ, ਮਾਤ ਭਾਸ਼ਾ ਦੀ ਸਿੱਖਿਆ ਅਤੇ ਸਾਹਿਤ ਦੇ ਵੱਖ-ਵੱਖ ਰੂਪਾਂ ਦੇ ਅਧਿਆਪਨ ਸੰਬੰਧੀ ਵਿਚਾਰ ਪ੍ਰਸਤੁਤ ਕੀਤੇ ਗਏ ਹਨ। ਪੰਜਾਬੀ ਭਾਸ਼ਾ ਦੇ ਭਿੰਨ-ਭਿੰਨ ਅੰਗਾਂ ਦੇ ਅਧਿਆਪਨ ਲਈ ਵਿਧੀਆਂ ਦੀ ਚਰਚਾ, ਵਿਸਥਾਰ ਪੂਰਵਕ ਕੀਤੀ ਗਈ ਹੈ। ਪਾਠ ਯੋਜਨਾਵਾਂ ਦੀਆਂ ਨਵੀਆਂ ਵਿਧੀਆਂ ਅਤੇ ਉਨ੍ਹਾਂ ਉੱਤੇ ਅਧਾਰਿਤ ਆਦਰਸ਼ ਪਾਠ ਯੋਜਨਾਵਾਂ ਦੇ ਨਮੂਨੇ ਵੀ ਦਿੱਤੇ ਗਏ ਹਨ। ਸ਼ਬਦ ਜੋੜ ਅਤੇ ਉਚਾਰਨ ਦੀ ਸਿੱਖਿਆ, ਨਾਵਲ, ਨਾਟਕ ਦੀ ਸਿਖਿਆ, ਪੰਜਾਬੀ ਭਾਸ਼ਾ ਵਿਗਿਆਨਕ ਵਿਸ਼ੇਸ਼ਤਾਵਾਂ ਅਤੇ ਅਧਿਆਪਨ ਸੰਬੰਧੀ ਨਵੀਆਂ ਵਿਧੀਆਂ ਇਸ ਪੁਸਤਕ ਵਿੱਚ ਸ਼ਾਮਿਲ ਹਨ।

ਡਾ. ਪਰਮਜੀਤ ਸਿੰਘ ਸਿੱਧੂ ਦੀ ਪੁਸਤਕ "**ਮਾਨਵ ਵਿਗਿਆਨਕ ਅਤੇ ਭਾਸ਼ਾ ਵਿਗਿਆਨ**" (1998) ਦੇ ਚੌਥੇ ਅਧਿਆਇ 'ਭਾਸ਼ਾ ਵਿਗਿਆਨਕ ਅਤੇ ਭਾਸ਼ਾ ਅਧਿਆਪਨ" ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਦੀ ਗੱਲ ਕੀਤੀ ਹੈ। ਇਸ ਵਿੱਚ... ਵਿਗਿਆਨ ਅਤੇ ਭਾਸ਼ਾ ਅਧਿਆਪਨ ਦੀ ਗੱਲ ਕੀਤੀ ਹੈ। ਇਸ ਵਿੱਚ ਭਾਸਾ ਵਿਗਿਆਨ ਅਤੇ ਭਾਸ਼ਾ ਅਧਿਆਪਨ ਵਿੱਚ ਅੰਤਰ ਸਪੱਸ਼ਟ ਕਰਦੇ ਹੋਏ ਲੇਖਕ ਨੇ ... ਅਧਿਆਪਨ ਦੀਆਂ ਪ੍ਰਮੁੱਖ ਤਿੰਨ ਵਿਧੀਆਂ ਦਾ ਉਲੇਖ ਕੀਤਾ ਹੈ:-

1. ਵਿਆਕਰਨ ਅਤੇ ਅਨੁਵਾਦ ਵਿਧੀ (Grammar and translation method)
2. ਸਿੱਧੀ ਵਿਧੀ (Direct method)
3. ਭਾਸ਼ਾ ਵਿਗਿਆਨਕ ਵਿਧੀ (Linguistic approach)

ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਦੇ ਅਧਿਆਪਨ ਦੀ ਮਾਤ-ਭਾਸ਼ਾ, ਦੂਸਰੀ ਭਾਸ਼ਾ ਅਤੇ ਵਿਦੇਸ਼ੀ ਭਾਸ਼ਾ ਵਜੋਂ ਗੱਲ ਕੀਤੀ ਹੈ। ਵਿਦੇਸ਼ੀ ਭਾਸ਼ਾ ਜਾਂ ਦੂਸਰੀ ਭਾਸ਼ਾ ਦੇ ਅਧਿਆਪਨ ਲਈ ਸਭਿਆਚਾਰਕ ਤੱਤਾਂ ਅਤੇ ਸਾਹਿਤ ਦੀ ਮਹੱਤਤਾ ਨੂੰ ਅਪਣਾਉਣ

ਲਈ ਵੀ ਕਿਹਾ ਹੈ।

## 1.2 ਸੰਪਾਦਿਤ ਪੁਸਤਕਾਂ

ਡਾ. ਨਿਰੰਜਨ ਸਿੰਘ ਢੇਸੀ ਦੁਆਰਾ ਸੰਪਾਦਿਤ ਪੁਸਤਕ **"ਪੰਜਾਬੀ ਭਾਸ਼ਾ ਸਮੱਸਿਆਵਾਂ ਅਤੇ ਸਮਾਧਾਨ"** (1981) ਪੰਜਾਬੀ ਭਾਸ਼ਾ ਦੇ ਅਧਿਆਪਨ ਨਾਲ ਸੰਬੰਧਿਤ ਸੱਤ ਪਰਚੇ ਜੋ ਕੇ ਪੰਜਾਬੀ ਭਾਸ਼ਾ ਕਨਵੈਨਸ਼ਨ ਵਿੱਚ ਪੜ੍ਹੇ ਗਏ ਸਨ, ਸ਼ਾਮਿਲ ਕੀਤੇ ਗਏ ਹਨ। ਇਸ ਪੁਸਤਕ ਦਾ ਪਹਿਲਾ ਲੇਖ ਡਾ. ਗੁਰਚਰਨ ਸਿੰਘ ਦਾ 'ਪੰਜਾਬੀ ਅਧਿਆਪਨ ਦੀਆਂ ਸਮੱਸਿਆਵਾਂ (ਕਾਲਜ ਪੱਧਰ ਤੇ)' ਹੈ। ਇਸ ਵਿੱਚ ਕਾਲਜ ਪੱਧਰ ਤੇ ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਸਮੱਸਿਆਵਾਂ ਤੇ ਚਰਚਾ ਕੀਤੀ ਗਈ ਹੈ। ਇਹ ਵੀ ਕਿਹਾ ਹੈ ਕਿ ਅਧਿਆਪਨ ਵਿੱਚ ਕੁਸ਼ਤਲਾ ਪੈਦਾ ਕਰਨ ਲਈ ਵਿਗਿਆਨਕ ਤਰੀਕੇ ਅਪਣਾਏ ਜਾਣੇ ਚਾਹੀਦੇ ਹਨ।

ਡਾ. ਜੋਗਿੰਦਰ ਸਿੰਘ ਪੁਆਰ ਅਤੇ ਡਾ. ਸੁਰਜੀਤ ਸਿੰਘ ਹਾਂਸ ਦੇ ਪਰਚੇ ਮਾਧਿਅਮ ਦੀ ਸਮੱਸਿਆ ਨਾਲ ਸੰਬੰਧਿਤ ਹਨ।

ਡਾ. ਮੁਖਤਿਆਰ ਸਿੰਘ ਗਿੱਲ ਦਾ ਪਰਚਾ ਵਿਗਿਆਨਕ ਮਸਲੇ ਨਾਲ ਸੰਬੰਧਿਤ ਹੈ। ਇਸ ਵਿੱਚ ਸ਼ਬਦ ਜੋੜਾਂ ਨੂੰ ਅਜਿਹੇ ਵਿਗਿਆਨਕ ਢੰਗ ਨਾਲ ਸੋਧੇ ਜਾਣ ਦੀ ਗੱਲ ਕੀਤੀ ਹੈ ਕਿ ਪੰਜਾਬੀ ਉਚਾਰਨ ਵਿੱਚ ਸਪੱਸ਼ਟਤਾ ਆਏ ਅਤੇ ਪੜ੍ਹਨ, ਲਿਖਣ ਵਿੱਚ ਆਸਾਨੀ ਹੋਵੇ। ਇਸ ਤੋਂ ਇਲਾਵਾ ਡਾ. ਬਲਵੀਰ ਸਿੰਘ ਸੰਧੂ ਨੇ ਸ਼ਬਦ ਜੋੜਾਂ ਦੀ ਪ੍ਰਮਾਣਿਕਤਾ ਨਿਸ਼ਚਿਤ ਕਰਨ ਦੀ ਗੱਲ ਕੀਤੀ ਹੈ।

ਡਾ. ਆਤਮਜੀਤ ਸਿੰਘ ਦਾ ਪਰਚਾ ਭਾਸ਼ਾ ਅਤੇ ਸਭਿਆਚਾਰ ਦੇ ਸਬੰਧ ਨੂੰ ਨਿਸ਼ਚਿਤ ਕਰਦਾ ਹੈ।

ਡਾ. ਨਾਹਰ ਸਿੰਘ ਨੇ ਪੰਜਾਬੀ ਭਾਸ਼ਾ ਦੀ ਵਰਤਮਾਨ ਸਥਿਤੀ ਸੰਬੰਧੀ ਮਸਲਿਆਂ ਉਭਾਰ ਕੇ ਉਨ੍ਹਾਂ ਦੇ ਹੱਲ ਕਈ ਸੁਝਾਅ ਪੇਸ਼ ਕੀਤੇ ਹਨ।

ਡਾ. ਓਮਕਾਰ ਐਨ ਕੌਲ ਦੁਆਰਾ ਸੰਪਾਦਿਤ ਪੁਸਤਕ **"ਪੰਜਾਬੀ ਭਾਸ਼ਾ ਦਾ ਅਧਿਆਪਨ"** (1983) ਵਿੱਚ 13 ਖੋਜ ਪੱਤਰ ਸਾਮਿਲ ਕੀਤੇ ਗਏ ਹਨ ਜੋ ਕਿ ਪੰਜਾਬੀ ਭਾਸ਼ਾ ਦੇ ਅਧਿਆਪਨ ਨਾਲ ਸੰਬੰਧਿਤ ਹਨ।

ਡਾ. ਇੰਦਰਪਾਲ ਸਿੰਘ ਅਤੇ ਜਸਵੰਤ ਸਿੰਘ ਜਸ ਨੇ ਪੰਜਾਬੀ ਭਾਸ਼ਾ ਦੇ ਅਧਿਆਪਨ ਵਿੱਚ ਆਉਂਦੀਆਂ ਸਮੱਸਿਆਵਾਂ ਦਾ ਵਰਨਣ ਕੀਤਾ ਹੈ। ਡਾ. ਇੰਦਰਪਾਲ ਸਿੰਘ ਨੇ ਪੰਜਾਬੀ ਪੜ੍ਹਾਉ ਵਾਲੇ ਅਧਿਆਪਕਾਂ ਦੀ ਸਿਖਲਾਈ ਉੱਤੇ ਜ਼ੋਰ ਦਿੱਤਾ ਹੈ। ਡਾ. ਜਸਵੰਤ ਸਿੰਘ ਜਸ ਨੇ ਪੰਜਾਬੀ ਬੋਲੀ ਦੇ ਮਿਆਰ ਕਾਇਮ ਕਰਨ ਤੇ ਜ਼ੋਰ ਦਿੰਦੇ ਹੋਏ ਭਾਸ਼ਾ ਸ਼ੁੱਧ ਉਚਾਰਨ ਵੱਲ ਧਿਆਨ ਦੇਣ ਲਈ ਕਿਹਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਆਪਣੇ ਲੇਖ ਵਿੱਚ ਪੜ੍ਹਣ ਲਿਖਣ ਦਾ ਅਭਿਆਸ ਕਵਿਤਾ ਦੀ ਪੜ੍ਹਾਈ ਵਿਆਕਰਨ ਦੀ ਪੜ੍ਹਾਈ ਦੀ ਵੀ ਗੱਲ ਕੀਤੀ ਹੈ।

ਡਾ. ਜੋਗਿੰਦਰ ਸਿੰਘ ਪੁਆਰ ਅਤੇ ਚਮਨ ਨਾਲ ਅਗਰਵਾਲ ਨੇ ਪੰਜਾਬੀ ਵਿਆਕਰਨ

ਦੀ ਸਿਖਿਆ ਬਾਰੇ ਵਿਚਾਰ ਪੇਸ਼ ਕੀਤੇ ਹਨ। ਉਨ੍ਹਾਂ ਸਕੂਲ ਅਤੇ ਕਾਲਜਾਂ ਪੱਧਰ ਦੀਆਂ ਵਿਆਕਰਨ ਦੀਆਂ ਪੁਸਤਕਾਂ ਵਿੱਚ ਸੁਧਾਰ ਦੀ ਲੋੜ ਤੇ ਜੋਰ ਦਿੱਤਾ ਹੈ।

ਡਾ. ਜੋਗਿੰਦਰ ਸਿੰਘ ਪੁਆਰ ਅਤੇ ਚਮਨ ਲਾਲ ਅਗਰਵਾਲ ਨੇ ਪੰਜਾਬੀ ਵਿਆਕਰਨ ਦੀ ਸਿਖਿਆ ਬਾਰੇ ਵਿਚਾਰ ਪੇਸ਼ ਕੀਤੇ ਹਨ। ਉਨ੍ਹਾਂ ਸਕੂਲ ਅਤੇ ਕਾਲਜ ਪੱਧਰ ਦੀਆਂ ਵਿਆਕਰਨ ਦੀਆਂ ਪੁਸਤਕਾਂ ਵਿੱਚ ਸੁਧਾਰ ਦੀ ਲੋੜ ਤੇ ਜ਼ੋਰ ਦਿੱਤਾ ਹੈ।

ਐਸ. ਐਸ. ਜੋਸ਼ੀ ਨੇ ਪੰਜਾਬੀ ਉਚਾਰਨ ਦੀ ਸਿਖਿਆ ਨੂੰ ਹੋਰ ਪ੍ਰਮਾਣਿਕ ਬਣਾਉਣ ਲਈ ਅਧਿਆਪਕ ਨੂੰ ਧੁਨੀ ਵਿਗਿਆਨ ਦੇ ਮੁੱਢਲੇ ਗਿਆਨ ਦੀ ਸਿੱਖਿਆ ਤੋਂ ਜਾਣੂ ਹੋਣ ਦੀ ਗੱਲ ਕੀਤੀ ਹੈ।

ਮਧੂਬਾਲਾ ਨੇ ਪੰਜਾਬੀ ਭਾਸ਼ਾ ਦੇ ਦਵਿਤੱਯ ਭਾਸ਼ਾ ਦੇ ਰੂਪ ਵਿੱਚ ਸਿੱਖਣ ਵਿੱਚ ਧੁਨੀ ਜੁਗਤ ਦੀਆਂ ਸਮੱਸਿਆਵਾਂ ਬਾਰੇ ਗੱਲ ਕੀਤੀ ਹੈ।

ਨਰਿੰਦਰ ਸਿੰਘ ਦੂਲੇ ਨੇ ਗੁਰਮੁਖੀ ਲਿਪੀ ਪੜ੍ਹਾਉਣ ਦੀਆਂ ਸਮੱਸਿਆਵਾਂ ਦਵਿੱਤਣ ਭਾਸ਼ਾ ਦੇ ਰੂਪ ਵਿੱਚ ਲਈਆਂ ਹਨ।

ਡਾ. ਮੋਤੀਆ ਭਾਟੀਆ ਨੇ ਪੰਜਾਬੀ ਭਾਸ਼ਾ ਨੂੰ ਦੂਸਰੀ ਭਾਸ਼ਾ ਵਜੋਂ ਸਿੱਖਣ ਵਾਲਿਆਂ ਲਈ ਸੰਬੰਧਕਾਂ ਦੀ ਵਰਤੋਂ ਵਿੱਚ ਕੀਤੀਆਂ ਜਾਣ ਵਾਲੀਆਂ ਗਲਤੀਆਂ ਵੱਲ ਸੰਕੇਤ ਕੀਤਾ ਹੈ।

ਡਾ. ਆਤਮਜੀਤ ਸਿੰਘ ਨੇ ਗੁਰਬਾਣੀ ਵਿੱਚ ਵਰਤੇ ਗਏ ਸਿਹਾਰੀ (ਿ) ਅਤੇ ਔਕੜ ( ੁ ) ਦੇ ਵਿਆਕਰਨ ਕਾਰਜ ਸਬੰਧੀ ਵਿਚਾਰ ਪ੍ਰਗਟ ਕੀਤੇ ਹਨ।

ਬਲਦੇਵ ਰਾਜ ਗੁਪਤਾ ਨੇ ਲੋਕ ਸਾਹਿਤ ਅਧਿਆਪਨ ਅਤੇ ਭਾਸ਼ਾ ਵਿਗਿਆਨ ਦੀ ਪ੍ਰਸਪਰ ਸਾਂਝ ਉੱਤੇ ਜ਼ੋਰ ਦਿੱਤਾ ਹੈ।

ਡਾ. ਪਰਮਜੀਤ ਸਿੰਘ ਸਿੱਧੂ ਨੇ ਪਾਠਕ੍ਰਮ ਵਿੱਚ ਲੋਕਯਾਨ ਦਾ ਮਹੱਤਵ ਅਤੇ ਮਾਂ. ਬੋਲੀ ਦੇ ਪਾਠਕ੍ਰਮ ਵਿੱਚ ਭਾਸ਼ਾ ਵਿਗਿਆਨ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕੀਤੇ ਹਨ।

ਰਵਿੰਦਰ ਗਰਗੇਸ਼ ਨੇ ਸ਼ੈਲੀ ਵਿਗਿਆਨਕ ਅਤੇ ਕਵਿਤਾ ਦਾ ਅਧਿਆਪਨ ਅਤੇ ਕੁਲਦੀਪ ਸਿੰਘ ਧੀਰ ਨੇ ਵਿਗਿਆਨ ਦੀ ਸਿੱਖਿਆ ਅਤੇ ਪੰਜਾਬੀ ਭਾਸ਼ਾ ਬਾਰੇ ਵਿਚਾਰ ਦਿੰਦਿਆਂ ਕਿਹਾ ਹੈ ਕਿ ਪੰਜਾਬੀ ਭਾਸ਼ਾ ਦੀ ਸਿੱਖਿਆ ਦੀਆਂ ਪਾਠ ਪੁਸਤਕਾਂ ਵਿੱਚ ਵਿਗਿਆਨ ਬਾਰੇ ਕੁਝ ਸਮੱਗਰੀ ਜ਼ਰੂਰ ਹੋਣੀ ਚਾਹੀਦੀ ਹੈ।

ਡਾ. ਸੁਰਿੰਦਰਪਾਲ ਸਿੰਘ ਦੁਆਰਾ ਸੰਪਾਦਿਤ "ਪਠਨ-ਪਾਠਨ" (1993) ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਨਾਲ ਸੰਬੰਧਿਤ ਤਿੰਨ ਲੇਖ ਸ਼ਾਮਿਲ ਕੀਤੇ ਗਏ ਹਨ।

ਪਹਿਲਾ ਲੇਖ 'ਪੰਜਾਬੀ ਅਧਿਆਪਨ ਦੀਆਂ ਸਮੱਸਿਆਵਾਂ (ਬੀ.ਏ. ਪੱਧਰ ਤੱਕ) ਵਿੱਚ ਅਧਿਆਪਨ ਸੰਬੰਧੀ ਸਮੱਸਿਆਵਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ:-

ਪਹਿਲਾ ਲੇਖ 'ਪੰਜਾਬੀ ਅਧਿਆਪਨ ਦੀਆਂ ਸਮੱਸਿਆਵਾਂ (ਬੀ.ਏ. ਪੱਧਰ ਤੱਕ) ਵਿੱਚ ਅਧਿਆਪਨ ਸੰਬੰਧੀ ਸਮੱਸਿਆਵਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ:-

1. ਅਧਿਆਪਨ ਵਿਧੀਆਂ ਤੇ ਪੰਜਾਬੀ

2. ਪੰਜਾਬੀ ਅਧਿਆਪਨ ਤੇ ਅਧਿਆਪਕ

3. ਪੰਜਾਬੀ ਅਧਿਆਪਨ ਤੇ ਵਿਦਿਆਰਥੀ

ਇਨ੍ਹਾਂ ਤਿੰਨਾਂ ਵਿਸ਼ਿਆਂ ਸੰਬੰਧੀ ਸਮੱਸਿਆਵਾਂ ਦਾ ਵਰਨਣ ਕੀਤਾ ਗਿਆ ਹੈ।

ਦੂਸਰੇ ਲੇਖ "ਆਧੁਨਿਕ ਪੰਜਾਬੀ ਸਾਹਿਤ ਦੇ ਅਧਿਆਪਨ ਦੀਆਂ ਸਮੱਸਿਆਵਾਂ' ਵਿੱਚ ਆਧੁਨਿਕ ਪੰਜਾਬੀ ਸਾਹਿਤ ਦੇ ਅਧਿਆਪਨ ਪ੍ਰਤੀ ਸੰਜੀਦਗੀ ਨਾਲ ਵਿਚਾਰਨ ਲਈ ਅਤੇ ਦਰਪੇਸ਼ ਆਉਂਦੀਆਂ ਸਮੱਸਿਆਵਾਂ ਨੂੰ ਸਮਝਣ ਲਈ ਕੁਝ ਨੁਕਤਿਆਂ ਦੀ ਵਿਆਖਿਆ ਕੀਤੀ ਹੈ।

ਤੀਸਰਾ ਲੇਖ 'ਪੰਜਾਬੀ ਭਾਸ਼ਾ ਅਤੇ ਅਧਿਆਪਨ' ਵਿੱਚ ਅਧਿਆਪਨ ਸੰਬੰਧੀ ਵਿਧੀਆਂ ਦੀ ਚਰਚਾ ਕੀਤੀ ਗਈ ਹੈ।

ਗੁਰਨਾਮ ਸਿੰਘ ਦੁਆਰਾ ਸੰਪਾਦਿਤ ਪੁਸਤਕ "**ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ, ਕਲਾ ਅਤੇ ਪੰਜਾਬੀ ਅਧਿਆਪਨ** (**ਗਿਆਰਵੀਂ ਅੰਤਰ-ਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ**)" (1994) ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਅਤੇ ਹੋਰ ਵਿਸ਼ਿਆਂ ਨਾਲ ਸੰਬੰਧਿਤ ਖੋਜ ਪਰਚਿਆਂ ਨੂੰ ਸ਼ਾਮਿਲ ਕੀਤਾ ਹੈ। ਡਾ. ਜੋਗਿੰਦਰ ਸਿੰਘ ਪੁਆਰ ਨੇ ਆਪਣੇ ਲੇਖ ਵਿਚ ਵਿਦੇਸ਼ਾਂ ਵਿੱਚ ਪੰਜਾਬੀ ਦੀ ਪੜ੍ਹਾਈ ਦੀ ਸਥਿਤੀ ਅਤੇ ਸੰਭਾਵਨਾਵਾਂ ਤੇ ਚਰਚਾ ਕੀਤੀ ਗਈ ਹੈ।

ਡਾ. ਐਸ. ਐਸ. ਜੋਸ਼ੀ ਨੇ ਪੰਜਾਬੀ ਭਾਸ਼ਾ ਦਾ ਅਧਿਆਪਨ ਦੂਸਰੀ ਭਾਸ਼ਾ ਵਜੋਂ ਕਿਵੇਂ ਕਰਵਾਇਆ ਜਾਏ? ਬਾਰੇ ਅਧਿਆਪਨ ਵਿਧੀਆਂ ਦੀ ਚਰਚਾ ਕੀਤੀ ਹੈ।

ਡਾ. ਸੁਜਿੰਦਰ ਸਿੰਘ ਸੰਘਾ ਨੇ ਬਰਤਾਨੀਆ ਦੀ ਉਚੇਰੀ ਸਿੱਖਿਆ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਕਰਨ ਲਈ ਕਿਹਾ ਹੈ। ਪੰਜਾਬੀ ਦੀਆਂ ਵਿਦਿਅਕ ਸੰਸਥਾਵਾਂ ਨੂੰ ਵਿਦੇਸ਼ੀ ਸੰਸਥਾਵਾਂ ਨਾਲ ਵਿਦਿਅਕ ਸਬੰਧ ਰੱਖਣ ਲਈ ਸੁਝਾਅ ਦਿੱਤਾ ਹੈ।

ਡਾ. ਮੁਖਤਿਆਰ ਸਿੰਘ ਗਿੱਲ ਨੇ ਪੰਜਾਬੀ ਭਾਸ਼ਾ ਦਾ ਅਧਿਆਪਨ ਵਿਦੇਸ਼ੀ ਭਾਸ਼ਾ ਵਜੋਂ ਡਾ. ਪਰਮਜੀਤ ਸਿੰਘ ਸਿੱਧੂ ਨੇ ਪੰਜਾਬੀ ਭਾਸ਼ਾ ਦੇ ਅਧਿਆਪਨ ਦੇ ਟੀਚਿਆਂ ਸੰਬੰਧੀ ਵਿਸ਼ਿਆਂ ਤੇ ਚਰਚਾ ਕੀਤੀ ਹੈ।

ਡਾ. ਜੋਗਿੰਦਰ ਸਿੰਘ ਪੁਆਰ ਨੇ ਪੰਜਾਬੀ ਭਾਸ਼ਾ ਦੀ ਪੜ੍ਹਾਈ ਦੇ ਸਿਲੇਬਸ ਵਿੱਚ ਸੁਧਾਰ ਕਰਨ ਦੀ ਗੱਲ ਕੀਤੀ ਹੈ। ਪੰਜਾਬੀ ਭਾਸ਼ਾ ਦਾ ਸਿਲੇਬਸ ਮਾਤ ਭਾਸ਼ਾ ਵਜੋਂ, ਵਿਦੇਸ਼ੀ ਭਾਸ਼ਾ ਵਜੋਂ ਵੱਖ-ਵੱਖ ਹੋਣਾ ਚਾਹੀਦਾ ਹੈ।

ਸ਼ਿਵਚਰਨ ਗਿੱਲ ਨੇ ਬਰਤਾਨੀਆਂ ਵਿੱਚ ਪੰਜਾਬੀ ਭਾਸ਼ਾ ਦੇ ਮਿਆਰ ਨੂੰ ਹੋਰ ਵਧਾਉਣ ਲਈ ਕਿਹਾ ਹੈ। ਨਾਲ ਹੀ ਯਾਹੂਦੀਆਂ ਤੇ ਗੁਜਰਾਤੀਆਂ ਦੇ ਵਿਦੇਸ਼ਾਂ ਵਿੱਚ ਵੱਧਦੇ ਪ੍ਰਚਾਰ ਦੀ ਪੰਜਾਬੀ ਭਾਸ਼ਾ ਦੇ ਪ੍ਰਚਾਰ ਨਾਲ ਤੁਲਨਾ ਕੀਤੀ ਹੈ।

ਮਦਨਧੀਰ ਨੇ ਕੈਨੇਡਾ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਦੀ ਸਥਿਤੀ ਅਤੇ ਪੰਜਾਬੀ ਪਾਠ-ਪੁਸਤਕਾਂ ਸੰਬੰਧੀ ਆਉਂਦੀਆਂ ਮੁਸ਼ਕਿਲਾਂ ਦੀ ਚਰਚਾ ਕੀਤੀ ਹੈ।

ਡਾ. ਸੁਖਵਿੰਦਰ ਸਿੰਘ ਸੰਘਾ ਨੇ ਆਪਣੇ ਲੇਖ ਵਿੱਚ ਭਾਸ਼ਾ ਵਿਗਿਆਨਕ ਪੱਖ ਤੋਂ ਪੰਜਾਬੀ ਭਾਸ਼ਾ ਦੇ ਅਧਿਆਪਨ ਵਿੱਚ ਆਉਂਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ

ਕੀਤਾ ਹੈ।

ਬਲਦੇਵ ਸਿੰਘ ਚੀਮਾ ਨੇ ਵਿਆਕਰਨ ਦੀ ਪੜ੍ਹਾਈ ਦੀ ਜ਼ਰੂਰਤ ਅਤੇ ਸਮੱਸਿਆਵਾਂ ਸੰਬੰਧੀ ਲੇਖ ਸ਼ਾਮਿਲ ਕੀਤਾ ਹੈ।

ਡਾ. ਵੇਦ ਅਗਨੀਹੋਤਰੀ ਨੇ ਪੰਜਾਬੀ ਭਾਸ਼ਾ ਦਾ ਅਧਿਆਪਨ ਲਾਜ਼ਮੀ ਵਿਸ਼ੇ ਵਜੋਂ ਕਿਸ ਤਰ੍ਹਾਂ ਕਰਾਇਆ ਜਾਏ? ਇਸ ਦੇ ਸਿਲੇਬਸ ਵਿੱਚ ਕੀ ਸ਼ਾਮਿਲ ਕੀਤਾ ਜਾਏ? ਬਾਰੇ ਸੁਝਾਅ ਪੇਸ਼ ਕੀਤਾ ਹੈ।

ਡਾ. ਟੀ. ਆਰ. ਸ਼ਰਮਾ ਨੇ ਪੰਜਾਬੀ ਅਧਿਆਪਨ ਦੀ ਵਰਤਮਾਨ ਸਥਿਤੀ ਵਿੱਚ ਪੰਜਾਬੀ ਭਾਸ਼ਾ ਦੇ ਡਿੱਗਦੇ ਮਿਆਰ ਵੱਲ ਧਿਆਨ ਦੁਆਇਆ ਹੈ। ਨਾਲ ਹੀ ਇਸ ਨੂੰ ਉੱਚਾ ਉਠਾਉਣ ਲਈ ਵਿਦਿਅਕ ਸੰਸਥਾਵਾਂ, ਸਰਕਾਰ ਨੂੰ ਅੱਗੇ ਆਉਣ ਤੇ ਸੁਧਾਰ ਕਰਨ ਦਾ ਸੁਝਾਅ ਦਿੱਤਾ ਹੈ।

ਡਾ. ਪਰਮਿੰਦਰ ਸਿੰਘ ਦੁਆਰਾ ਸੰਪਾਦਿਤ ਪੁਸਤਕ "**ਵਰਤਮਾਨ ਪੰਜਾਬ ਸੰਕਟ ਤੇ ਪੰਜਾਬੀ ਸਾਹਿਤ**" (1980-1993), (1995) ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਨਾਲ ਸੰਬੰਧਿਤ ਦੋ ਲੇਖ ਸ਼ਾਮਿਲ ਹਨ। ਪਹਿਲਾ ਲੇਖ 'ਪੰਜਾਬੀ ਦੀਆਂ ਭਾਸ਼ਾਈ ਸਮੱਸਿਆਵਾਂ" ਪ੍ਰੋ. ਵੇਦ ਅਗਨੀਹੋਤਰੀ ਦੁਆਰਾ ਲਿਖਿਆ ਗਿਆ ਹੈ। ਇਸ ਵਿੱਚ 1980 ਈ. ਤੋਂ ਬਾਅਦ ਦੀਆਂ ਭਾਸ਼ਾਈ ਅਧਿਆਪਨ ਦੀਆਂ ਸਮੱਸਿਆਵਾਂ ਨੂੰ ਆਪਣਾ ਵਿਸ਼ਾ ਬਣਾਇਆ ਹੈ। 1980 ਈ. ਤੋਂ ਪਿੱਛੋਂ ਜਦੋਂ ਪੰਜਾਬੀ ਦੀ ਪੜ੍ਹਾਈ ਡਿਗਰੀ ਜਮਾਤਾਂ ਤੱਕ ਇਕ ਲਾਜ਼ਮੀ ਵਿਸ਼ੇ ਵਜੋਂ ਲਾਗੂ ਕੀਤੀ ਗਈ ਤਾਂ ਇਹ ਆਪਣੇ-ਆਪ ਵਿੱਚ ਵੱਡੀ ਪ੍ਰਾਪਤੀ ਮੰਨੀ ਗਈ ਪਰ ਇਹ ਪ੍ਰਾਪਤੀ ਸਮੱਸਿਆਵਾਂ ਨਾਲ ਘਿਰ ਗਈ, ਇਸ ਦਾ ਵਿਰੋਧ ਕੀਤਾ ਗਿਆ ਕਿ:-

ਪੰਜਾਬੀਆਂ ਨੂੰ ਪੰਜਾਬੀ ਨਹੀਂ ਆਉਂਦੀ?
ਕੀ ਪੰਜਾਬ ਦੇ ਸ਼ਹਿਰੀ ਅਧਿਆਪਕਾਂ ਨਾਲੋਂ ਪਿੰਡਾਂ ਦੇ ਵਿਦਿਆਰਥੀ
ਪਹਿਲਾਂ ਹੀ ਵਧੇਰੇ ਚੰਗੀ ਪੰਜਾਬੀ ਨਹੀਂ ਜਾਣਦੇ?
ਕੀ ਪੰਜਾਬੀ ਪੜ੍ਹ ਕੇ ਪੰਜਾਬੀ ਸਾਇੰਸਦਾਨ ਬਣ ਜਾਣਗੇ?

ਇਸ ਤੋਂ ਇਲਾਵਾ ਪੰਜਾਬੀ ਪੜ੍ਹਾਈ ਦੀ ਸਾਰਥਿਕਤਾ ਤਾਂ ਹੀ ਸੰਭਵ ਹੈ ਜੇ ਇਹ ਹਰ ਖੇਤਰ ਦੇ ਵਿਦਿਆਰਥੀ ਨੂੰ ਪੰਜਾਬੀ ਭਾਸ਼ਾ ਦੇ ਸੰਰਚਨਾਤਮਕ ਸਿਧਾਂਤਾਂ ਦੀ ਜਾਣਕਾਰੀ ਦਿੰਦੇ ਹੋਏ ਵਿਦਿਆਰਥੀਆਂ ਨੂੰ ਉਸ ਦੇ ਚੁਣੇ ਹੋਏ ਖੇਤਰ (ਮੈਡੀਕਲ, ਨਾਨ-ਮੈਡੀਕਲ, ਕਾਮਰਸ ਆਦਿ) ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਕਰ ਸਕਣ ਦੇ ਸਮਰਥ ਬਣਾਏ। ਪਰ ਇਨ੍ਹਾਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲੇਖਕ ਨੇ ਹੇਠ ਲਿਖੇ ਸੰਕਲਪਾਂ ਦੀ ਅਹਿਮੀਅਤ ਨੂੰ ਵਿਚਾਰਿਆ ਹੈ:-

1. ਭਾਸ਼ਾ ਦੀ ਪੜ੍ਹਾਈ ਅਤੇ ਭਾਸ਼ਾ ਰਾਹੀਂ ਪੜ੍ਹਾਈ।
2. ਭਾਸ਼ਾ ਦੀ ਪੜ੍ਹਾਈ ਦੇ ਪੱਧਰ : ਮਾਤ ਭਾਸ਼ਾ ਵਜੋਂ, ਦੂਸਰੀ ਭਾਸ਼ਾ ਵਜੋਂ, ਵਿਦੇਸ਼ੀ ਭਾਸ਼ਾ ਵਜੋਂ
3. ਹਰ ਪੱਧਰ ਦੀ ਪੜ੍ਹਾਈ ਦੀ ਦਰਜਾਬੰਦੀ: ਪ੍ਰਾਇਮਰੀ, ਮਿਡਲ, ਮੈਟ੍ਰਿਕ ਸੈਕੰਡਰੀ,

ਡਿਗਰੀ ਆਦਿ।

4. ਅਧਿਆਪਨ ਵਿਧੀਆਂ ਅਤੇ ਸੰਦ : ਫਲੈਸ਼ ਕਾਰਡ, ਵਰਕ ਬੁੱਕ ਆਦਿ।

ਇਨ੍ਹਾਂ ਸਮੱਸਿਆਵਾਂ ਤੋਂ ਇਲਾਵਾ ਗੁਰਮੁਖੀ ਆਰਥੋਗ੍ਰਾਫ਼ੀ ਨਾਲ ਸਬੰਧਿਤ ਪੰਜਾਬੀ ਸ਼ਬਦ ਜੋੜਾਂ ਦੇ ਟਕਸਾਲੀਕਰਨ ਦੀ ਸਮੱਸਿਆ ਜੋ ਕਿ 1980 ਈ. ਤੋਂ ਬਾਅਦ ਕਾਫ਼ੀ ਚਰਚਾ ਵਿੱਚ ਰਹੀ ਹੈ। ਵੇਦ ਅਗਨੀਹੋਤਰੀ ਨੇ ਜਿਵੇਂ ਬੋਲੋ ਤਿਵੇਂ ਲਿਖੋ ਦੀ ਵਿਧੀ ਦਾ ਵਿਰੋਧ ਕੀਤਾ ਹੈ ਕਿ ਇਹ ਭਾਸ਼ਾ ਦੇ ਟਕਸਾਲੀਕਰਨ ਵਿੱਚ ਇੱਕ ਵਿਗਿਆਨਕ ਭੁੱਲ ਹੈ। ਬੋਲੀ ਤਾਂ ਬਾਰ੍ਹੀ ਕੋਹੀਂ ਬਦਲਦੀ ਹੈ। ਇਸ ਤੋਂ ਬਾਅਦ ਗੁਰਮੁਖੀ ਲਿਪਾਕਣਕਾਰੀ ਨਾਲ ਸੰਬੰਧਿਤ ਹੋਰ ਸਮੱਸਿਆ, ਲਿਪੀ ਦੇ ਲਿਪਾਂਕਾ ਦੀ ਬਣਤਰ ਤੇ ਵਰਤੋਂ ਵਿਧੀ, ਮਾਪਿਆਂ ਦਾ ਬੱਚਿਆਂ ਨੂੰ ਅੰਗਰੇਜ਼ੀ ਦੀ ਪੜ੍ਹਾਈ ਵੱਲ ਵਧਦਾ ਰੁਝਾਨ, ਮੀਡੀਏ ਵਿੱਚ ਪੰਜਾਬੀ ਭਾਸ਼ਾ ਦੀ ਘਟਦੀ ਵਰਤੋਂ ਆਦਿ ਸਮੱਸਿਆਵਾਂ ਜੋ ਕਿ 1980 ਈ. ਤੋਂ ਬਾਅਦ ਆਉਂਦੀਆਂ ਹਨ ਤੇ ਵਿਚਾਰ ਪੇਸ਼ ਕੀਤਾ ਗਿਆ ਹੈ।

ਐਸ. ਐਸ. ਜੋਸ਼ੀ ਦੁਆਰਾ ਲਿਖਿਆ ਦੂਸਰਾ ਲੇਖ 'ਵਿਦੇਸ਼ਾਂ ਵਿੱਚ ਨਵੀਂ ਪੀੜ੍ਹੀ ਨੂੰ ਪੰਜਾਬੀ ਪੜ੍ਹਾਉਣ ਦੀਆਂ ਸਮੱਸਿਆਵਾਂ' ਵਿੱਚ ਹੇਠ ਲਿਕੇ ਵਿਸ਼ਿਆਂ ਨੂੰ ਵਿਚਾਰਿਆ ਗਿਆ ਹੈ:-

1. ਵਿਦੇਸ਼ਾਂ ਵਿੱਚ ਨਵੀਂ ਪੀੜ੍ਹੀ ਨੂੰ ਪੰਜਾਬੀ ਪੜ੍ਹਾਉਂਦੇ ਸਮੇਂ ਕਿਹੜੇ ਉਦੇਸ਼ ਸਾਹਮਣੇ ਰੱਖੇ ਜਾਣ।

2. ਉਚਾਰਨ ਦੀ ਸਮੱਸਿਆ ਸ਼ਬਦ ਸੁਰ ਦੀ ਜੁਗਤ, ਵਾਕ ਸੁਰ ਦੀ ਜਾਣਕਾਰੀ।

3. ਗੁਰਮੁਖੀ ਲਿਪੀ ਚਿੰਨ੍ਹਾਂ ਨੂੰ ਵਰਗ ਵੰਡ ਕਰਕੇ ਸਿਖਾਉਣਾ।

4. ਵਿਦਿਆਰਥੀ ਨੂੰ ਕਿਸ ਤਰ੍ਹਾਂ ਦਾ ਪਾਠ ਕ੍ਰਮ ਪੜ੍ਹਾਇਆ ਜਾਵੇ।

ਦਰਸ਼ਨ ਸਿੰਘ ਤਾਤਲਾ ਦੁਆਰਾ ਸੰਪਾਦਿਤ ਪੁਸਤਕ "**ਬਰਤਾਨੀਆਂ ਵਿੱਚ ਪੰਜਾਬੀ ਭਾਸ਼ਾ**" (1996) ਵਿੱਚ ਵੀ ਬਰਤਾਨੀਆਂ ਵਿੱਚ ਵਸਦੇ ਲੇਖਕਾਂ ਨੇ ਬਰਤਾਨੀਆਂ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਲੇਖ ਸ਼ਾਮਿਲ ਕੀਤੇ ਗਏ ਹਨ। ਇਸ ਪੁਸਤਕ ਦੇ ਚਾਰ ਭਾਗ ਹਨ, ਹਰ ਭਾਗ ਨੂੰ ਵੱਖਰਾ ਸਿਰਲੇਖ ਦਿੱਤਾ ਗਿਆ ਹੈ।

ਪਹਿਲਾ ਭਾਗ "ਬਰਤਾਨੀਆਂ ਵਿੱਚ ਪੰਜਾਬੀ ਭਾਸ਼ਾ: ਮੁੱਢਲੀ ਜਾਣ ਪਛਾਣ" ਹੈ। ਇਸ ਵਿੱਚ ਚਾਰ ਲੇਖ ਸ਼ਾਮਿਲ ਕੀਤੇ ਗਏ ਹਨ। ਇਸ ਹਿੱਸੇ ਦਾ ਪਹਿਲਾ ਲੇਖ ਦਰਸ਼ਨ ਸਿੰਘ ਤਾਤਲਾ ਦਾ ਹੈ। ਇਸ ਵਿੱਚ ਵਲੈਤ ਵਿੱਚ ਪੰਜਾਬੀ ਭਾਈਚਾਰਾ, ਵਿਦਿਅਕ ਢਾਂਚਾ, ਅਧਿਆਪਕਾਂ ਅਤੇ ਸਕੂਲਾਂ ਦਾ ਰਵੱਈਆ, ਸਾਹਿਤ ਪੱਤਰਕਾਰੀ, ਬਰਤਾਨੀਆਂ ਵਿੱਚ ਪੰਜਾਬੀ ਪੜ੍ਹਾਉਣ ਵਾਲੀਆਂ ਸੰਸਥਾਵਾਂ, ਪੰਜਾਬੀ ਭਾਸ਼ਾ ਨਾਲ ਪੰਜਾਬੀ ਮਾਪਿਆਂ ਦਾ ਵਤੀਰਾ, ਪੰਜਾਬੀ ਅਧਿਆਪਕਾਂ ਦੀ ਟ੍ਰੇਨਿੰਗ ਪੰਜਾਬੀ ਬੱਚਿਆਂ ਦਾ ਪੰਜਾਬੀ ਨਾਲ ਵਤੀਰਾ, ਭਵਿੱਖ ਵਿੱਚ ਪੰਜਾਬੀ ਭਾਸ਼ਾ ਦਾ ਬਰਤਾਨੀਆਂ ਵਿੱਚ ਸਥਾਨ ਆਦਿ ਵਿਸ਼ਿਆਂ ਤੇ ਰੋਸ਼ਨੀ ਪਾਈ ਹੈ।

ਗੁਰਿੰਦਰ ਸਿੰਘ ਸਾਚਾ ਨੇ ਆਪਣੇ ਲੇਖ ਵਿੱਚ ਕਈ ਪ੍ਰਕਾਰ ਦੇ ਅੰਕੜੇ ਅਤੇ ਸਰਕਾਰੀ ਰਿਪੋਰਟਾਂ ਦੀਆਂ ਤੁੱਕਾਂ ਸ਼ਾਮਿਲ ਕੀਤੀਆਂ ਹਨ ਅਤੇ ਬਰਤਾਨੀਆ ਦੇ ਕੁਝ

ਸ਼ਹਿਰਾਂ ਸੰਬੰਧੀ ਪੰਜਾਬੀ ਭਾਸ਼ਾ ਦੇ ਅਧਿਆਪਨ ਨੂੰ ਲੈ ਕੇ ਪਿਛਲੇ ਤਿੰਨ ਸਾਲਾਂ ਦੇ ਅੰਕੜੇ ਆਦਿ ਪੇਸ਼ ਕੀਤੇ ਹਨ। ਇਹ ਲੇਖ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ।

ਅਮਰਜੀਤ ਸਿੰਘ ਚੰਦਨ ਨੇ ਆਪਣੇ ਲੇਖ ਵਿੱਚ ਬਰਤਾਨੀਆਂ ਵਿੱਚ ਪੰਜਾਬੀ ਦੀ ਤਲੀਮ ਦਾ ਮਸਲਾ ਉਠਾਇਆ ਹੈ। ਬਰਤਾਨੀਆਂ ਵਿੱਚ ਅੰਗਰੇਜ਼ੀ ਤੋਂ ਇਲਾਵਾ 147 ਜ਼ੁਬਾਨਾਂ ਬੋਲੀਆਂ ਜਾਂਦੀਆਂ ਹਨ ਜਦਕਿ ਬੱਚਿਆਂ ਦੀ ਮਾਤ ਭਾਸ਼ਾ ਅੰਗਰੇਜ਼ੀ ਨਹੀਂ ਹੈ। ਇਸ ਦੇ ਮੁਕਾਬਲੇ ਪੰਜਾਬੀ ਭਾਸ਼ਾ ਦਾ ਅਧਿਆਪਨ ਵੀ ਕਈ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ।

ਇਸ ਪੁਸਤਕ ਦੇ ਦੂਸਰੇ ਭਾਗ ਵਿੱਚ 'ਭਾਸ਼ਾ, ਸਭਿਆਚਾਰ ਅਤੇ ਪੰਜਾਬੀ ਪੜ੍ਹਾਉਣ ਦਾ ਇੰਤਜ਼ਾਮ' ਸਿਰਲੇਖ ਅਧੀਨ 16 ਲੇਖ ਸ਼ਾਮਿਲ ਹਨ।

ਹਰਭਜਨ ਸਿੰਘ ਦਾਹੀਆ ਨੇ ਆਪਣੇ ਲੇਖ ਸਮੈਥਕ ਵਿੱਚ ਪੰਜਾਬੀ ਭਾਸ਼ਾ ਪੜ੍ਹਾਉਣ ਦੇ ਮੁੱਢਲੇ ਯਤਨਾਂ ਨੂੰ ਵਿਚਾਰਿਆ ਹੈ ਕਿ ਸਮੈਥਕ ਦੇ ਗੁਰਦੁਆਰੇ ਵਿੱਚ ਪਹਿਲਾਂ ਪੰਜਾਬੀ ਸਕੂਲ ਸ਼ੁਰੂ ਕੀਤਾ ਗਿਆ। ਦੂਰੋਂ-ਦੂਰੋਂ ਲੋਕ ਇਥੇ ਪੰਜਾਬੀ ਸਿੱਖਣ ਲਈ ਆਉਂਦੇ ਸਨ।

ਰਮਿੰਦਰ ਸਿੰਘ ਨੇ ਆਪਣੇ ਲੇਖ ਵਿੱਚ ਬਰਤਾਨੀਆਂ ਵਿੱਚ ਮਾਪਿਆਂ ਦਾ ਅਤੇ ਅਧਿਆਪਕਾਂ ਦਾ ਪੰਜਾਬੀ ਨਾਲ ਵਤੀਰਾ, ਬੱਚਿਆਂ ਨੂੰ ਪੰਜਾਬੀ ਭਾਸ਼ਾ ਸਿਖਾਉਣ ਦੇ ਉਦੇਸ਼ ਅਤੇ ਬਰਤਾਨੀਆਂ ਵਿੱਚ ਪੰਜਾਬੀ ਪੜ੍ਹਾਈ ਦੇ ਇੰਤਜ਼ਾਮ ਨੂੰ ਤਸਵੀਰਾਂ ਸਾਹਿਤ ਪੇਸ਼ ਕੀਤਾ ਹੈ।

ਦਰਸ਼ਨ ਸਿੰਘ ਤਾਤਲਾ ਨੇ ਗੁਰਦੁਆਰਿਆਂ ਵਿੱਚ ਪੰਜਾਬੀ ਦੀ ਪੜ੍ਹਾਈ ਦਾ ਇੰਤਜ਼ਾਮ 1960 ਈ. ਤੋਂ ਸ਼ੁਰੂ ਹੋਇਆ ਦੱਸਿਆ ਹੈ ਅਤੇ ਪੰਜਾਬੀ ਦੀ ਪੜ੍ਹਾਈ ਦੇ ਪ੍ਰਬੰਧ ਨੂੰ ਵਿਚਾਰਿਆ ਹੈ।

ਸ਼ਿਵਚਰਨ ਗਿੱਲ ਨੇ ਸਾਊਥਹਾਲ ਵਿੱਚ ਪੰਜਾਬੀ ਦੀ ਪੜ੍ਹਾਈ ਦਾ ਦਰਜਾ ਨਿਸ਼ਚਿਤ ਕਰਦੇ ਹੋਏ ਕਿਹਾ ਹੈ ਕਿ ਇੰਗਲੈਂਡ ਵਿੱਚ ਸਭ ਤੋਂ ਜ਼ਿਆਦਾ ਸਪਤਾਹਿਕ ਤੇ ਮਾਸਿਕ ਪੱਤਰ ਗੁਜਰਾਤੀ ਵਿੱਚ ਵਿਕਦੇ ਹਨ ਜਦਕਿ ਪੰਜਾਬੀਆਂ ਨੂੰ ਇਨ੍ਹਾਂ ਤੋਂ ਸੇਧ ਲੈਣੀ ਚਾਹੀਦੀ ਹੈ।

ਰਸਵੇਲ ਸਿੰਘ ਨੇ 1950 ਤੋਂ 1960 ਤੱਕ ਲੈਸਟਰ ਵਿੱਚ ਪੰਜਾਬੀਆਂ ਦੀ ਗਿਣਤੀ, ਗੁਰਦੁਆਰਿਆਂ ਵਿੱਚ ਪੰਜਾਬੀ ਦੀ ਪੜ੍ਹਾਈ, ਪ੍ਰਾਪਤੀ ਦੀ ਘਾਟ ਤੇ ਹਾਲਾਤ ਸੁਧਾਰਨ, ਸਿੱਖ ਮਾਪਿਆਂ ਦੀ ਸਭਾ, ਸਕੂਲਾਂ ਵਿੱਚ ਔਕੜਾਂ, ਮਾਤ ਭਾਸ਼ਾ ਦੀ ਪੜ੍ਹਾਈ, ਪੰਜਾਬੀ ਗੋਸ਼ਟੀਆਂ ਅਤੇ ਵਰਕਸ਼ਾਪਾਂ ਵਿੱਚ ਵਿਵਸਥਾ ਆਦਿ ਗੱਲਾਂ ਨੂੰ ਵਿਚਾਰਿਆ ਹੈ।

ਸੰਤੋਖ ਸਿੰਘ ਸਰਾ ਨੇ ਬਰਤਾਨੀਆਂ ਵਿੱਚ ਪੰਜਾਬੀ ਪੜ੍ਹਾ ਰਹੇ ਬੱਚਿਆਂ ਦੀਆਂ ਜ਼ਰੂਰਤਾਂ ਤੋਂ ਜਾਣੂ ਕਰਵਾਇਆ ਹੈ।

ਸੁਜਿੰਦਰ ਸਿੰਘ ਸੰਘਾ ਨੇ ਬਰਤਾਨੀਆਂ ਦੀ ਉਚੇਰੀ ਸਿੱਖਿਆ ਵਿੱਚ ਪੰਜਾਬੀ ਭਾਸ਼ਾ ਦਾ ਸਥਾਨ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਗੁਰਦਿਆਲ ਸਿੰਘ ਰਾਏ ਨੇ ਪੰਜਾਬੀ ਭਾਸ਼ਾ ਦੀ ਪ੍ਰੀਖਿਆ:ਜੀ.ਸੀ. ਐਸ. ਈ.

ਸੰਬੰਧੀ ਪੰਜਾਬੀ ਦਾ ਸਿਲੇਬਸ, ਪ੍ਰੀਖਿਆ ਪ੍ਰਬੰਧਾਂ ਸੰਬੰਧੀ ਸੁਝਾਅ ਪੇਸ਼ ਕੀਤੇ ਹਨ।

ਐਸ. ਕੇ. ਰਾਇਤ ਨੇ ਬਰਤਾਨੀਆਂ ਦੀਆਂ ਲਾਇਬ੍ਰੇਰੀਆਂ ਵਿੱਚ ਪੰਜਾਬੀ ਕਿਤਾਬਾਂ ਦੀ ਵਿਵਸਥਾ ਵਿਸ਼ੇ ਤੇ ਵਿਚਾਰ ਕਰਦੇ ਹੋਏ ਕਿਹਾ ਹੈ ਕਿ 1979 ਈ. ਦੇ ਸਰਵੇਖਣ ਦੌਰਾਨ ਬਰਤਾਨੀਆਂ ਦੀਆਂ ਲਾਇਬ੍ਰੇਰੀਆਂ ਵਿੱਚ 1000 ਤੋਂ ਵੱਧ ਪੁਸਤਕਾਂ ਨਹੀਂ ਸਨ।

ਪ੍ਰੀਤਮ ਸਿੰਘ ਕੈਥੋਂ ਨੇ ਬਰਤਾਨੀਆਂ ਵਿੱਚ ਪੰਜਾਬੀ ਦੀ ਪੜ੍ਹਾਈ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਦੇ ਉਪਾਅ ਦੱਸੇ ਹਨ।

ਚੰਨਣ ਸਿੰਘ ਚੰਨ ਨੇ ਬਰਤਾਨੀਆਂ ਵਿੱਚ ਪੰਜਾਬੀ ਅਧਿਆਪਨ ਦੀਆਂ ਸਮੱਸਿਆਵਾਂ, ਸ਼ਬਦ ਜੋੜ ਪੜ੍ਹਾਉਣ ਦੀ ਸਮੱਸਿਆ, ਪੰਜਾਬੀ ਪਾਠ-ਪੁਸਤਕਾਂ ਅਤੇ ਅਧਿਆਪਨ ਸਮੱਗਰੀ ਨੂੰ ਪੇਸ਼ ਕੀਤਾ ਹੈ।

ਤੀਸਰਾ ਭਾਸ਼ਾ 'ਪੰਜਾਬੀ-ਅੰਗਰੇਜ਼ੀ ਭਾਸ਼ਾਈ ਅਧਿਆਪਨ' ਸਿਰਲੇਖ ਅਧੀਨ ਸਾਰ ਲੇਖ ਸ਼ਾਮਿਲ ਕੀਤੇ ਗਏ ਹਨ।

ਸੁਜਾਨ ਗੋਮੇਨ ਨੇ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦਾ ਰਲਾਓ ਤੇ ਭਾਸ਼ਾ ਨੂੰ ਸੰਭਾਲਣ ਸੰਬੰਧੀ ਨਿਰਣੇ ਪੇਸ਼ ਕੀਤੇ ਹਨ।

ਸਾਰਾਲ ਕੈਂਥਲ ਨੇ ਅੰਗਰੇਜ਼ੀ ਅਤੇ ਪੰਜਾਬੀ ਦੀ ਪੜ੍ਹਾਈ ਲਈ ਭਾਸ਼ਾਈ ਤਜ਼ਰਬੇ ਪੇਸ਼ ਕੀਤੇ ਹਨ।

ਲਾਲਾਸੀ ਜੌਹਨਜ਼ ਨੇ ਇੱਕ ਅਧਿਆਪਕ ਹੋਣ ਨਾਤੇ ਬਰਮਿੰਘਮ ਦੇ ਪੰਜਾਬੀ ਬੱਚਿਆਂ ਦੀ ਪੜ੍ਹਾਈ ਸੰਬੰਧੀ ਆਪਣੇ ਤਜ਼ਰਬੇ ਪੇਸ਼ ਕੀਤੇ ਹਨ।

ਜੋਗਿੰਦਰ ਸਿੰਘ ਪੁਆਰ ਨੇ ਦੋ ਭਾਸਾਈ ਬੁਲਾਰਿਆਂ ਦੀ ਸਮੱਸਿਆ ਬਾਰੇ ਗੱਲ ਕਰਦਿਆਂ ਕਿਹਾ ਹੈ ਕਿ ਪੰਜਾਬੀ ਭਾਸ਼ਾ ਦੇ ਬੁਲਾਰਿਆਂ ਦੀ ਭਾਸ਼ਾ ਵਿੱਚ ਅੰਗਰੇਜ਼ੀ ਵਾਕੰਸ਼ ਵਧਦੇ ਹੀ ਜਾ ਰਹੇ ਹਨ ਅਤੇ ਪੰਜਾਬੀ-ਅੰਗਰੇਜ਼ੀ ਮਿਸ਼ਰਤ ਵਾਕਾਂ ਦੀਆਂ ਉਦਾਹਰਨਾਂ ਪੇਸ਼ ਕੀਤੀਆਂ ਹਨ। ਬਰਤਾਨੀਆਂ ਵਿੱਚ ਸਿਰਜੇ ਜਾ ਰਹੇ ਸਾਹਿਤ ਵਿੱਚ ਇਨ੍ਹਾਂ ਵਾਕਾਂ ਦੀ ਭਰਮਾਰ ਹੈ।

ਭਾਗ ਚੌਥਾ 'ਪ੍ਰਵਾਸ ਵਿੱਚ ਮਾਂ ਬੋਲੀ ਅਤੇ ਕੌਮੀ ਬੋਲੀ ਦੇ ਸੰਬੰਧ' ਸਿਰਲੇਖ ਅਧੀਨ ਚਾਰ ਲੇਖ ਸ਼ਾਮਿਲ ਕੀਤੇ ਗਏ ਹਨ।

ਸਵਰਨ ਚੰਦਨ ਨੇ ਬਰਤਾਨੀਆਂ ਵਿੱਚ ਪੰਜਾਬੀ ਬੱਚਿਆਂ ਦੀ ਮਾਤ-ਭਾਸ਼ਾ ਕਿਹੜੀ ... ਸਬੰਧੀ ਸੁਆਲ ਉਠਾਇਆ ਹੈ ਅਤੇ ਕਿਹਾ ਹੈ ਕਿ ਪੰਜਾਬੀ ਮਾਤਾ ਪਿਤਾ ਦੀ ਮਾਤ ਭਾਸ਼ਾ ਪੰਜਾਬੀ ਹੈ ਜਦ ਕਿ ਉਨ੍ਹਾਂ ਦੇ ਬੱਚੇ ਬਰਤਾਨੀਆਂ ਵਿੱਚ ਜੰਮੇ ਪਲੇ ਹਨ ਉਹ ਪੰਜਾਬੀ ਨੂੰ ਆਪਣੀ ਮਾਤ-ਭਾਸ਼ਾ ਸਵੀਕਾਰ ਨਹੀਂ ਕਰਦੇ। ਉਹ ਅੰਗਰੇਜ਼ੀ ਸਾਹਿਤ ਪੜ੍ਹਨ ਵਿੱਚ ਜ਼ਿਆਦਾ ਰੁਚੀ ਰੱਖਦੇ ਹਨ।

ਹਰਬਖਸ਼ ਮਕਸੂਦਪੁਰੀ ਨੇ ਵੀ ਉਪ੍ਰੋਕਤ ਵਿਸ਼ੇ ਨੂੰ ਅਪਣਾਇਆ ਹੈ। ਹਰਦੇਵ ਸਿੰਘ ਢੇਸੀ ਨੇ ਵੀ ਇਸ ਵਿਸ਼ੇ ਤੇ ਵਿਚਾਰ ਕੀਤਾ ਹ।

ਦਰਸ਼ਨ ਤਾਤਲਾ ਨੇ ਦੂਸਰੀ ਪੀੜ੍ਹੀ ਦੀ ਮਾਂ ਬੋਲੀ ਕਿਹੜੀ ਹੋਣੀ ਚਾਹੀਦੀ ਹੈ?

ਪ੍ਰਸ਼ਨ ਸੰਬੰਧੀ ਆਪਣੇ ਨਿਰਣੇ ਦੱਸੇ ਹਨ।

## 2. ਖੋਜ ਪੱਤਰ/ਪੱਤਰਕਾਵਾਂ

ਪੰਜਾਬੀ ਦੁਨੀਆਂ ਦੇ ਅੰਕ ਮਈ 1991 ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਡਾ. ਕਰਨੈਲ ਸਿੰਘ ਥਿੰਦ ਦਾ ਲੇਖ "ਪੰਜਾਬੀ ਭਾਸ਼ਾ ਵਿੱਚ ਮਾਧਿਅਮ ਪਰਿਵਰਤਨ :ਇਕ ਜਾਇਜਾ" ਸ਼ਾਮਿਲ ਕੀਤਾ ਗਿਆ ਹੈ। ਇਸ ਵਿੱਚ ਯੂਨੀਵਰਸਿਟੀਆਂ ਵਿੱਚ ਪੰਜਾਬੀ ਭਾਸ਼ਾ ਪ੍ਰੀਖਿਆਵਾਂ ਦਾ ਮਾਧਿਅਮ ਨਾ ਬਣ ਸਕੀ, ਇਸ ਸਮੱਸਿਆ ਨੂੰ ਵਿਚਾਰਦੇ ਹੋਏ ਹਿ ਨਿਰਣਾ ਪੇਸ਼ ਕੀਤਾ ਹੈ ਕਿ ਸਰਕਾਰ ਪੰਜਾਬੀ ਭਾਸ਼ਾ ਨੂੰ ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀਆਂ ਪੱਧਰ ਤੱਕ ਸਿਖਿਆ ਤੇ ਪ੍ਰੀਖਿਆ ਦੇ ਮਾਧਿਅਮ ਵਜੋਂ ਲਾਗੂ ਕਰਕੇ, ਉਸ ਨੂੰ ਅਮਲ ਵਿੱਚ ਲਿਆਉਣ ਦੀ ਕੋਸ਼ਿਸ਼ ਕਰੇ। ਇਸ ਲੇਖ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਉੱਤੇ ਜ਼ੋਰ ਦਿੱਤਾ ਗਿਆ ਹੈ।

ਖੋਜ ਦਰਪਣ ਜੁਲਾਈ 1989, 93 ਅੰਕ ਵਿੱਚ **ਡਾ. ਪਰਮਜੀਤ ਸਿੰਘ ਸਿੱਧੂ** ਦਾ ਲੇਖ 'ਉਚੇਰੀ ਸਿਖਿਆ ਲਈ ਪੰਜਾਬੀ ਮਾਧਿਅਮ ਦੀ ਵਰਤੋਂ ਦਾ ਸਮਾਜ-ਭਾਸ਼ਾ ਵਿਗਿਆਨਕ ਪੱਖ' ਸ਼ਾਮਲ ਕੀਤਾ ਗਿਆ ਹੈ। ਇਸ ਵਿੱਚ ਉਚੇਰੀ ਸਿਖਿਆ ਲਈ ਪੰਜਾਬੀ ਭਾਸ਼ਾ ਨੂੰ ਮਾਧਿਅਮ ਬਣਾਉਣ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਹੈ ਕਿ ਜਦੋਂ ਪੰਜਾਬੀ ਭਾਸ਼ਾ ਨੂੰ ਉਚੇਰੀ ਸਿੱਖਿਆ ਦੇ ਮਾਧਿਅਮ ਵਜੋਂ ਵਰਤਣ ਵਾਸਤੇ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ ਅਤੇ ਵੱਖੋ-ਵੱਖ ਭਾਸ਼ਾਵਾਂ ਲਈ ਕੀਤੇ ਗਏ ਯਤਨਾਂ ਦੇ ਇਤਿਹਾਸ ਸਮਾਜ ਭਾਸ਼ਾ ਵਿਗਿਆਨ ਪੱਖ ਸਾਹਮਣੇ ਲਿਆ ਗਿਆ ਹੈ।

ਖੋਜ ਦਰਪਣ - ਵਿੱਚ ਜੁਲਾਈ 1994 ਅੰਕ ਵਿੱਚ ਡਾ. ਪਰਮਜੀਤ ਸਿੰਘ ਸਿੱਧੂ ਦਾ ਲੇਖ 'ਪੰਜਾਬੀ ਬਾਸ਼ਾ ਦਾ ਅਧਿਆਪਨ ਅਤੇ ਭਾਸ਼ਾਈ ਲੋੜਾਂ' ਵਿੱਚ ਲੇਖਕ ਨੇ ਪੰਜਾਬੀਆਂ ਦੀਆਂ ਭਾਸ਼ਾਈ ਲੋੜਾਂ ਅਤੇ ਪੰਜਾਬੀ ਭਾਸ਼ਾ ਦੇ ਅਧਿਆਪਨ ਨੂੰ ਅੰਤਰ ਸੰਬੰਧਿਤ ਕਰਨ ਦੀ ਪ੍ਰਕਿਰਿਆ ਯੂਨੀਵਰਸਿਟੀ ਪੱਧਰ ਤੋਂ ਹੀ ਆਰੰਭ ਕਰਨ ਦਾ ਨਿਰਣਾ ਪੇਸ਼ ਕੀਤਾ ਹੈ। ਯੂਨੀਵਰਸਿਟੀਆਂ ਸਮੁੱਚੇ ਪੰਜਾਬੀ ਮਾਧਿਅਮ ਅਤੇ ਅਧਿਆਪਨ ਨੂੰ ਸੇਧ ਦੇਣ ਦਾ ਕਾਰਜ ਕਰਦੀਆਂ ਹਨ।

ਖੋਜ ਦਰਪਣ- ਜੁਲਾਈ 1997 ਅੰਕ ਵਿੱਚ ਮਧੂਬਾਲਾ ਦਾ ਲੇਖ 'ਆਧੁਨਿਕ ਪ੍ਰੀਪੇਖ ਵਿੱਚ ਪੰਜਾਬੀ ਭਾਸ਼ਾ ਦਾ ਅਧਿਆਪਨ' ਸ਼ਾਮਿਲ ਹੈ। ਇਸ ਵਿੱਚ ਸਕੂਲ ਪੱਧਰ ਤੇ ਪੰਜਾਬੀ ਭਾਸ਼ਾ ਦਾ ਅਧਿਆਪਨ, ਕਾਲਜ ਅਤੇ ਯੂਨੀਵਰਸਿਟੀ ਪੱਧਰ ਤੇ ਪੰਜਾਬੀ ਭਾਸ਼ਾ ਦਾ ਅਧਿਆਪਨ, ਪੰਜਾਬੀ ਭਾਸ਼ਾ ਦਾ ਅਧਿਆਪਨ ਦੂਤ ਭਾਸ਼ਾ ਵਜੋਂ, ਵਿਦੇਸ਼ੀ ਭਾਸ਼ਾ ਵਜੋਂ ਪੰਜਾਬੀ ਭਾਸ਼ਾ ਦਾ ਅਧਿਆਪਨ ਵਿਸ਼ਿਆਂ ਤੇ ਵਿਚਾਰ ਕਰਦੇ ਹੋਏ ਪੰਜਾਬੀ ਭਾਸ਼ਾ ਦੇ ਅਧਿਆਪਨ ਦੀ ਗੱਲ ਕੀਤੀ ਹੈ। ਪਾਠ ਸਮੱਗਰੀ ਦੀ ਵਰਤੋਂ ਅਧਿਆਪਨ ਤੇ ਵਿਦਿਆਰਥੀਆਂ ਦੇ ਅਨੁਸਾਰ ਹੋਣੀ ਚਾਹੀਦੀ ਹੈ ਆਦਿ ਵਿਸ਼ਿਆਂ ਤੇ ਚਰਚਾ ਕੀਤੀ ਹੈ।

ਖੋਜ ਦਰਪਣ ਜਨਵਰੀ 2001 ਅੰਕ ਵਿੱਚ ਪਲਵਿੰਦਰ ਕੌਰ ਅਤੇ ਡਾ. ਸੁਖਵਿੰਦਰ

ਸਿੰਘ ਸੰਘਾ ਨੇ 'ਗੁਰਮੁਖੀ ਲਿਪੀ ਦਾ ਅਧਿਆਪਨ' ਲੇਖ ਵਿੱਚ ਅਧਿਆਪਨ ਦੀਆਂ ਵਿਧੀਆਂ ਤੇ ਚਰਚਾ ਕਰਦੇ ਹੋਏ ਗੁਰਮੁਖੀ ਲਿਪੀ ਦੇ ਅਧਿਆਪਨ ਤੇ ਉਸ ਦੀਆਂ ਸਮੱਸਿਆਵਾਂ ਤੇ ਚਰਚਾ ਕੀਤੀ ਹੈ। ਇਹ ਵੀ ਕਿਹਾ ਹੈ ਕਿ ਵਿਸਤ੍ਰਿਤ ਅਧਿਆਪਨ ਦੀ ਲੋੜ ਅਜੇ ਬਾਕੀ ਹੈ ਅਤੇ ਲਾਜ਼ਮੀ ਵੀ ਹੈ ਤਾਂ ਜੋ ਬੱਚਿਆਂ ਨੂੰ ਗੁਰਮੁੱਖੀ ਦੇ ਲਿਪਾਂਕਾ ਦੀ ਸਹੀ ਬਣਤਰ ਤੇ ਦਰੁਸਤ ਉਚਾਰਨ ਸ਼ੁਰੂ ਵਿੱਚ ਹੀ ਸਿਖਾਇਆ ਜਾ ਸਕੇ।

## 3. ਐਮ. ਫਿਲ ਪੱਧਰ ਤੇ ਪ੍ਰਵਾਨਿਤ ਖੋਜ ਨਿਬੰਧ

ਪੰਜਾਬੀ ਯੂਨੀਵਰਸਿਟੀ ਪਟਿਆਲਾ ਐਮ. ਫਿਲ ਦੀ ਡਿਗਰੀ ਲਈ **ਜਸਮੀਤ ਸਿੰਘ** ਦੁਆਰਾ ਖੋਜ ਨਿਬੰਧ **"ਪੰਜਾਬੀ ਦਾ ਦੂਸਰੀ ਭਾਸ਼ਾ ਵਜੋਂ ਅਧਿਆਪਨ"** (2002 2003) ਪੇਸ਼ ਕੀਤਾ ਹੈ। ਇਸ ਨੂੰ ਤਿੰਨ ਅਧਿਆਇਆਂ ਵਿੱਚ ਵੰਡਿਆ ਹੈ। ਪਹਿਲੇ ਅਧਿਆਇ ਵਿੱਚ ਭਾਸ਼ਾ ਵਿਗਿਆਨ ਅਤੇ ਭਾਸ਼ਾ ਅਧਿਆਪਨ ਦੇ ਵੱਖ-ਵੱਖ ਮੰਤਵ ਦਰਸਾਏ ਗਏ ਹਨ, ਭਾਸ਼ਾ ਦੇ ਰੂਪ ਪੰਜਾਬੀ ਭਾਸ਼ਾ ਦਾ ਦੂਜਾ ਭਾਸ਼ਾ/ਵਿਦੇਸ਼ੀ ਭਾਸ਼ਾ ਵਜੋਂ ਅਧਿਆਪਨ ਦੀ ਜਾਣਕਾਰੀ ਦਿੱਤੀ ਹੈ।

ਦੂਸਰੇ ਅਧਿਆਇ ਵਿੱਚ ਪੰਜਾਬੀ ਭਾਸ਼ਾ ਦਾ ਦੂਸਰੀ ਭਾਸ਼ਾ ਵਜੋਂ ਅਧਿਆਪਨ ਸੰਬੰਧੀ ਸਿਧਾਂਤਕ ਪ੍ਰੀਪੇਖ ਪੇਸ਼ ਕਰਦੇ ਹੋਏ, ਪੰਜਾਬੀ ਮਾਤ ਭਾਸ਼ਾ, ਦੂਸਰੀ ਭਾਸ਼ਾ ਅਤੇ ਵਿਦੇਸ਼ੀ ਭਾਸ਼ਾ ਵਜੋਂ ਅਧਿਆਪਨ ਤੇ ਚਰਚਾ ਕੀਤੀ ਹੈ। ਭਾਸ਼ਾ ਅਧਿਆਪਨ ਦੇ ਮੁੱਢਲੇ ਸਿਧਾਂਤਾਂ ਤੇ ਚਰਚਾ ਕਰਦੇ ਹੋਏ ਪੰਜਾਬੀ ਭਾਸ਼ਾ ਦਾ ਦੂਸਰੀ ਭਾਸ਼ਾ ਵਜੋਂ ਅਧਿਆਪਨ ਦੀਆਂ ਚਾਰ ਵਿਧੀਆਂ:-

1. **ਅਨੁਵਾਦ ਵਿਧੀ**
2. ਪ੍ਰਤੱਖ ਵਿਧੀ
3. ਟਾਕਰਵੀ ਵਿਧੀ
4. ਵਾਕ ਪੈਟਰਨ ਅਭਿਆਸ ਵਿਧੀ

ਸਬੰਧੀ ਵਿਸਥਾਰ ਵਿੱਚ ਚਰਚਾ ਕੀਤੀ ਗਈ ਹੈ।

ਤੀਸਰੇ ਅਧਿਆਇ ਵਿੱਚ ਪੰਜਾਬੀ ਭਾਸ਼ਾ ਦੇ ਦੂਸਰੀ ਭਾਸ਼ਾ ਵਜੋਂ ਅਧਿਆਪਨ ਸਬੰਧੀ ਵਿਹਾਰਕ ਪ੍ਰੀਪੇਖ ਦੀ ਜਾਣਕਾਰੀ ਦਿੱਤੀ ਹੈ। ਇਸ ਵਿੱਚ ਧੁਨੀ ਵਿਗਿਆਨ ਅਤੇ ਵਾਕ ਵਿਗਿਆਨ ਦੇ ਪਹਿਲੂਆਂ ਤੇ ਚਰਚਾ ਕੀਤੀ ਹੈ।

ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਉੱਪਰ ਅੰਕਿਤ ਖੋਜ ਕਾਰਜਾਂ ਦੇ ਅਧਿਅਨ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਬਹੁਤ ਸਾਰਾ ਆਲੋਚਨਾਤਮਕ ਤੇ ਖੋਜਮੂਲਕ ਕਾਰਜ ਹੋਇਆ ਮਿਲਦਾ ਹੈ। ਇਸ ਵਿੱਚ ਉਪਾਧੀ ਸਾਪੇਖ ਤੇ ਉਪਾਧੀ ਨਿਰਪੇਖ ਦੋਹਾਂ ਤਰ੍ਹਾਂ ਦੇ ਖੋਜ ਕਾਰਜ ਸ਼ਾਮਿਲ ਹਨ। ਇਨ੍ਹਾਂ ਵਿੱਚ ਜ਼ਿਆਦਾਤਰ ਪੰਜਾਬੀ ਭਾਸ਼ਾ ਦੀਆਂ ਵਿਧੀਆਂ ਤੇ ਸਮੱਸਿਆਵਾਂ ਦੀ ਗੱਲ ਕੀਤੀ ਗਈ ਹੈ। ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਭਵਿੱਖ ਵਿੱਚ ਹੋਰ ਵੀ ਖੋਜ ਹੋਣ ਦੀ ਸੰਭਾਵਨਾ ਹੈ।

## ਅਧਿਆਇ-4

# ਭਾਸ਼ਾਈ ਅਧਿਐਨ ਸਮੱਗਰੀ ਦਾ ਇਕੱਤਰੀਕਰਨ ਅਤੇ ਵਿਸ਼ਲੇਸ਼ਣ ਵਿਧੀ

ਭਾਸ਼ਾਈ ਅਧਿਐਨ ਸਮੱਗਰੀ ਦਾ ਇਕੱਤਰਕਰਨ ਅਤੇ ਵਿਸ਼ਲੇਸ਼ਣ ਵਿਧੀ

ਐਲੀਮੈਂਟਰੀ ਸਰਕਾਰੀ ਸਕੂਲਾਂ ਵਿੱਚ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਦੇ ਅਧਿਆਪਨ ਦਾ ਜਾਇਜ਼ਾ ਲੈਣ ਲਈ ਅਧਿਐਨ ਸਮੱਗਰੀ ਦੇ ਇਕੱਤਰੀਕਰਨ ਅਤੇ ਵਿਸ਼ਲੇਸ਼ਣ ਦੀ ਵਿਧੀ ਦਾ ਵਰਨਣ ਇਸ ਅਧਿਆਏ ਵਿੱਚ ਕੀਤਾ ਗਿਆ ਹੈ।

2. ਅਧਿਐਨ ਸਮੱਗਰੀ ਦੇ ਇਕੱਤਰੀਕਰਨ ਲਈ ਚਾਰ ਪ੍ਰਕਾਰ ਦੀਆਂ ਪ੍ਰਸ਼ਨ ਸੂਚੀਆਂ ਤਿਆਰ ਕੀਤੀਆਂ ਗਈਆਂ ਹਨ। ਇਹ ਪ੍ਰਸਨ ਸੂਚੀਆਂ ਹੇਠ ਲਿਖੇ ਅਨੁਸਾਰ ਹਨ:

**1.1 ਮੁੱਢਲੀ ਜਾਣਕਾਰੀ ਨਾਲ ਸਬੰਧਿਤ ਪ੍ਰਸ਼ਨ ਸੂਚੀ।**

**1.2 ਪੰਜਾਬੀ ਭਾਸ਼ਾ ਦੇ ਅਧਆਪਨ ਨਾਲ ਸੰਬੰਧਿਤ ਪ੍ਰਸ਼ਨ ਸੂਚੀ।**

**1.3. ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਨਾਲ ਸੰਬੰਧਿਤ ਪ੍ਰਸ਼ਨ ਸਚੀ।**

**1.4 ਬੱਚਿਆਂ ਤੋਂ ਪੁੱਛੇ ਗਏ ਪ੍ਰਸ਼ਨ ਨਾਲ ਸੰਬੰਧਿਤ ਪ੍ਰਸ਼ਨ ਸੂਚੀ।**

**1.1 ਮੁੱਢਲੀ ਜਾਣਕਾਰੀ ਨਾਲ ਸੰਬੰਧਿਤ ਪ੍ਰਸ਼ਨ ਸੂਚੀ।**

ਪਹਿਲੀ ਪ੍ਰਸ਼ਨ ਸੂਚੀ ਵਿੱਚ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਜਾ ਕੇ ਸਕੂਲਾਂ ਸੰਬੰਧੀ ਮੁੱਢਲੀ ਜਾਣਕਾਰੀ ਨਾਲ ਸੰਬੰਧਿਤ ਪ੍ਰਸਨ ਪੁੱਛੇ ਗਏ ਸਨ। ਇਹ ਪ੍ਰਸ਼ਨ ਸੂਚੀ ਵਿੱਚ ਸ਼ਾਮਿਲ ਪ੍ਰਸ਼ਨ ਹੇਠ ਲਿਖੇ ਅਨੁਸਾਰ ਹਨ:

ੳ. ਸਕੂਲ ਵਿੱਚ ਕੁੱਲ ਕਿੰਨੇ ਵਿਦਿਆਰਥੀ ਪੜ੍ਹਦੇ ਹਨ?

ਅ. ਸਕੂਲ ਵਿੱਚ ਕੁੱਲ ਕਿੰਨੀਆਂ ਕਲਾਸਾਂ ਹਨ?

ੲ. ਕੀ ਸਕੂਲ ਵਿੱਚ ਇੱਕ ਅਧਿਆਪਕ ਸਿਰਫ ਇੱਕ ਕਲਾਸ ਨੂੰ ਪੜ੍ਹਾ ਰਿਹਾ ਹੈ?

ਸ. ਅਧਿਆਪਕਾਂ ਦੀ ਵਿਦਿਅਕ ਯੋਗਤਾ ਕਿੰਨੀ ਹੈ?

ਹ. ਸਕੂਲ ਵਿੱਚ ਕੁੱਲ ਕਿੰਨੇ ਅਧਿਆਪਕ ਪੜ੍ਹਾ ਰਹੇ ਹਨ?

ਕ. ਸਕੂਲ ਵਿੱਚ ਕੁੱਲ ਕਿੰਨੇ ਵਿਦਿਆਰਥੀ ਪੜ੍ਹ ਰਹੇ ਹਨ?

ਖ. ਤਰਤੀਬਵਾਰ ਪਹਿਲੀ ਕਲਾਸ ਤੋਂ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਵਿੱਚ ਆਮ ਸ਼੍ਰੇਣੀ, ਅਨੁਸੂਚਿਤ ਸ਼੍ਰੇਣੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਹੈ?

ਗ. ਕੀ ਸਕੂਲ ਵਿੱਚ ਸਮਾਂ-ਸਾਰਣੀ ਹੈ ਜਾਂ ਨਹੀਂ?

ਘ. ਕੀ ਸਕੂਲ ਵਿੱਚ ਸਮਾਂ-ਸਾਰਣੀ ਦੇ ਅਨੁਸਾਰ ਪੜ੍ਹਾਇਆ ਜਾਂਦਾ ਹੈ?

ਙ. ਕੀ ਸਕੂਲ ਵਿੱਚ ਨਵੇਂ ਸਿਲੇਬਸ ਦੀ ਕਾਪੀ ਉਪਲੱਬਧ ਹੈ ਜਾਂ ਨਹੀਂ?

ਚ. ਕੀ ਸਕੂਲ ਵਿੱਚ ਪੂਰੇ ਸਾਲ ਵਿੱਚ ਪੂਰਾ ਸਿਲੇਬਸ ਪੜ੍ਹਾਇਆ ਜਾਂਦਾ ਹੈ ਜਾਂ ਨਹੀਂ?

ਛ. ਸਕੂਲ ਦੇ ਸਿਲੇਬਸ ਦੀ ਵੰਡ ਹਫ਼ਤਿਆਂ ਅਤੇ ਮਹੀਨਿਆਂ ਅਨੁਸਾਰ ਕੀਤੀ ਗਈ ਹੈ ਕਿ ਪਹਿਲੇ ਹਫਤੇ ਕਿੰਨਾ ਸਿਲੇਬਸ ਕਰਵਾਉਣਾ ਹੈ ਅਤੇ ਦੂਸਰੇ ਹਫਤੇ ਕਿੰਨਾ? ਮਹੀਨੇ ਵਿੱਚ ਕਿੰਨਾ ਸਿਲੇਬਸ ਪੜ੍ਹਾਇਆ ਜਾਂਦਾ ਹੈ? ਕੀ ਸਕੂਲ ਵਿੱਚ ਅਧਿਆਪਨ ਸਿਲੇਬਸ ਦੇ ਅਨੁਸਾਰ ਕਰਵਾਇਆ ਜਾਂਦਾ ਹੈ। ਕੀ ਅਧਿਆਪਕ ਰੋਜ਼ਾਨਾ ਡਾਇਰੀ ਲਿਖ ਰਿਹਾ ਹੈ?

ਜ. ਕੀ ਪੜ੍ਹਨ ਲਈ ਬੱਚਿਆਂ ਕੋਲ ਕਾਪੀਆਂ, ਕਿਤਾਬਾਂ ਆਦਿ ਜ਼ਰੂਰੀ ਵਸਤਾਂ ਉਪਲੱਭਦ ਹਨ?

ਝ. ਕੀ ਬੱਚਿਆਂ ਦਾ ਪੇਪਰ ਸਿਲੇਬਸ ਵਿੱਚ ਦਿੱਤੇ ਅਨੁਸਾਰ ਲਿਆ ਜਾਂਦਾ ਹੈ?

**1.2 ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧਿਤ ਪ੍ਰਸ਼ਨ ਸੂਚੀ**

ਦੂਸਰੀ ਪ੍ਰਸ਼ਨ ਸੂਚੀ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਨਾਲ ਸੰਬੰਧਿਤ ਪ੍ਰਸ਼ਨ ਪੁੱਛੇ ਗਏ ਜੋ ਹੇਠ ਲਿਖੇ ਅਨੁਸਾਰ ਹਨ :

ੳ. ਪੰਜਾਬੀ ਭਾਸ਼ਾ ਦੇ ਅਧਿਆਪਨ ਨਾਲ ਸੰਬੰਧਿਤ ਕਿਹੜੀਆਂ ਪੁਸਤਕਾਂ ਲਗਾਈਆਂ ਗਈਆਂ ਹਨ?

ਅ. ਪਹਿਲੀ ਕਲਾਸ ਦੇ ਬੱਚਿਆਂ ਨੂੰ ਪੰਜਾਬੀ ਵਰਣਮਾਲਾ ਦੀ ਜਾਣਕਾਰੀ ਕਿਸ ਤਰ੍ਹਾਂ ਦਿੱਤੀ ਜਾਂਦੀ ਹੈ?

ੲ. ਪੰਜਾਬੀ ਵਰਨਮਾਲਾ ਦੇ ਪੈਂਤੀ ਅੱਖਰ ਲਿਖਵਾਉਣ ਤੋਂ ਪਹਿਲਾਂ ਕੀ ਬੱਚਿਆਂ ਨੂੰ ਆਲੇਖਣ ਦੀ ਸਿੱਖਿਆ ਦਿੱਤੀ ਜਾਂਦੀ ਹੈ?

ਸ. ਵਰਨਮਾਲਾ ਦੇ ਅੱਖਰਾਂ ਦੀ ਬਣਤਰ ਸਿਖਾਉਣ ਲਈ ਕਿਹੜੀ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ?

ਹ. ਕੀ ਵਰਨਮਾਲਾ ਦੇ ਅੱਖਰ ਕਾਪੀ, ਸਲੇਟ ਜਾਂ ਫੱਟੀ ਤੇ ਲਿਖਾਏ ਜਾਂਦੇ ਹਨ?

ਕ. ਕੀ ਪੰਜਾਬੀ ਵਰਨਮਾਲਾ ਦੇ ਅੱਖਰ ਸਿਖਾਉਣ ਲਈ ਸਹਾਇਕ ਸਮੱਗਰੀ ਜਿਵੇਂ ਚਾਰਟ, ਨਕਸ਼ੇ, ਮਾਡਲ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ?

ਖ. ਕੀ ਪੰਜਾਬੀ ਭਾਸ਼ਾ ਦੇ ਸਿਲੇਬਸ ਦੀ ਕਾਪੀ ਸਕੂਲ ਵਿੱਚ ਉਪਲਬਧ ਹੈ?

ਗ. ਕੀ ਪੰਜਾਬੀ ਭਾਸ਼ਾ ਦਾ ਅਧਿਆਪਨ ਸਿਲੇਬਸ ਵਿੱਚ ਦਿੱਤੇ ਅਨੁਸਾਰ ਕਰਾਇਆ ਜਾਂਦਾ ਹੈ?

ਘ. ਕੀ ਸਕੂਲ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਲਈ ਸਮਾਂ-ਸਾਰਣੀ ਬਣਾਈ ਗਈ ਹੈ?

ਙ. ਕੀ ਪੰਜਾਬੀ ਭਾਸ਼ਾ ਦਾ ਅਧਿਆਪਨ ਸਮਾਂ-ਸਾਰਣੀ ਵਿੱਚ ਦਿੱਤੇ ਸਮੇਂ ਦੇ ਅਨੁਸਾਰ ਕਰਵਾਇਆ ਜਾਂਦਾ ਹੈ?

ਚ. ਪੰਜਾਬੀ ਭਾਸ਼ਾ ਦੇ ਸਿਲੇਬਸ ਵਿੱਚ ਕੀ-ਕੀ ਸ਼ਾਮਿਲ ਕੀਤਾ ਜਾਂਦਾ ਹੈ?

ਛ. ਪੰਜਾਬੀ ਭਾਸ਼ਾ ਦੇ ਅਧਿਆਪਨ ਲਈ ਹਫਤੇ ਵਿੱਚ ਕਿੰਨੇ ਪੀਰੀਅਡ ਦਿੱਤੇ

ਜਾਂਦੇ ਹਨ?

ਜ. ਬੱਚਿਆਂ ਨੂੰ ਪੰਜਾਬੀ ਭਾਸ਼ਾ ਦਾ ਉਚਾਰਨ ਕਿਸ ਤਰ੍ਹਾਂ ਸਿਖਾਇਆ ਜਾਂਦਾ ਹੈ?

ਝ. ਕੀ ਕਲਾਸ ਵਿੱਚ ਅਧਿਆਪਕ ਪੰਜਾਬੀ ਭਾਸ਼ਾ ਦਾ ਅਧਿਆਪਨ ਲਿਖਤੀ ਕਰਵਾਉਂਦਾ ਹੈ? ਜਿਵੇਂ: ਅਭਿਆਸ ਦੇ ਪ੍ਰਸ਼ਨ-ਉੱਤਰ ਲਿਖਵਾ ਕੇ, ਕਵਿਤਾ ਜਾਂ ਪੈਰ੍ਹੇ ਨੂੰ ਲਿਖਾ ਕੇ ਆਦਿ।

ਞ. ਕੀ ਕਲਾਸ ਵਿੱਚ ਅਧਿਆਪਕ ਪੰਜਾਬੀ ਭਾਸ਼ਾ ਦਾ ਅਧਿਆਪਨ ਮੌਖਿਕ ਵਿਧੀ ਰਾਹੀਂ ਵੀ ਕਰਵਾਉਂਦੇ ਹਨ ਜਿਵੇਂ: ਪਾਠ ਪੜ੍ਹਾ ਕੇ ਬੱਚਿਆਂ ਤੋਂ ਪ੍ਰਸ਼ਨਾਂ ਦੇ ਉੱਤਰ ਪੁੱਛਕੇ, ਕੋਈ ਕਹਾਣੀ ਜਾਂ ਕਵਿਤਾ ਮੌਖਿਕ ਰੂਪ ਵਿੱਚ ਸੁਣ ਕੇ ਆਦਿ।

ਟ. ਕੀ ਮਾਂ-ਪਿਓ, ਅਧਿਆਪਕ ਦੁਆਰਾ ਦਿੱਤਾ ਗਿਆ ਪੰਜਾਬੀ ਭਾਸ਼ਾ ਦਾ ਕੰਮ ਘਰ ਕਰਵਾਉਂਦੇ ਹਨ?

ਠ. ਪੰਜਵੀਂ ਕਲਾਸ ਨੂੰ ਕਵਿਤਾ ਪੜ੍ਹਾਈ ਕਿਸ ਤਰ੍ਹਾਂ ਕਰਵਾਈ ਜਾਂਦੀ ਹੈ? ਕੀ ਬੱਚਿਆਂ ਨੂੰ ਕਲਾਸ ਵਿੱਚ ਕਵਿਤਾ ਦੀ ਪ੍ਰਸੰਗ ਸਹਿਤ ਵਿਆਖਿਆ ਕਰਵਾ ਕੇ ਲਿਖਾਈ ਜਾਂਦੀ ਹੈ।

ਣ. ਹਰ ਕਲਾਸ ਨੂੰ ਸਿਲੇਬਸ ਵਿੱਚੋਂ ਪਾਠ-ਪੁਸਤਕ ਤੋਂ ਇਲਾਵਾ ਕਿੰਨੇ ਬਿਨੈ-ਪੱਤਰ, ਲੇਖ ਅਤੇ ਕਿੰਨੀਆਂ ਕਹਾਣੀਆਂ ਕਰਵਾਈਆਂ ਜਾਂਦੀਆਂ ਹਨ?

ਦ. ਕੀ ਪੰਜਾਬੀ ਭਾਸ਼ਾ ਦਾ ਪੇਪਰ ਸਿਲੇਬਸ ਵਿੱਚ ਦਿੱਤੇ ਗਏ ਸਮੇਂ ਅਨੁਸਾਰ ਲਿਆ ਜਾਂਦਾ ਹੈ?

**1.3 ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਨਾਲ ਸੰਬੰਧਿਤ ਪ੍ਰਸਨ ਸੂਚੀ**

ਤੀਸਰੀ ਪ੍ਰਸ਼ਨ ਸੂਚੀ ਵਿੱਚ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਸੰਬੰਧੀ ਪ੍ਰਸਨ ਪੁੱਛੇ ਗਏ ਹਨ। ਇਹ ਪ੍ਰਸ਼ਨ ਸੂਚੀ ਹੇਠ ਲਿਖੇ ਅਨੁਸਾਰ ਹੈ:

ੳ. ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਲਈ ਕਿਹੜੀਆਂ ਪੁਸਤਕਾਂ ਲਗਾਈਆਂ ਗਈਆਂ ਹਨ?

ਅ. ਕੀ ਬੱਚਿਆਂ ਨੂੰ ਅਲਫਾਬੈੱਟ ਦੇ ਅੱਖਰਾਂ ਨੂੰ ਲਿਖਣਾ ਸਿਖਾਉਣ ਤੋਂ ਪਹਿਲਾਂ ਆਲੇਖਣ ਦੀ ਸਿੱਖਿਆ ਦਿੱਤੀ ਜਾਂਦੀ ਹੈ?

ੲ. ਅੱਖਰਾਂ ਦੀ ਬਣਤਰ ਕਿਸ ਤਰ੍ਹਾਂ ਸਿਖਾਈ ਜਾਂਦੀ ਹੈ?

ਸ. ਪਹਿਲਾਂ ਕਿਹੜਾ ਅੱਖਰ ਲਿਖਣਾ ਸਿਖਾਇਆ ਜਾਂਦਾ ਹੈ?

ਹ. ਕੀ ਅਲਫਾਬੈੱਟ ਦੇ ਅੱਖਰ ਚਾਰ-ਲਕੀਰਾਂ ਵਾਲੀ ਕਾਪੀ ਤੇ ਲਿਖਣੇ ਸਿਖਾਏ ਜਾਂਦੇ ਹਨ?

ਕ. ਕੀ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਪਾਠ-ਪੁਸਤਕ ਵਿੱਚ ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਕਰਵਾਇਆ ਜਾਂਦਾ ਹੈ? ਜਿਵੇਂ : ਤਸਵੀਰ ਦਿਖਾ ਕੇ ਵਾਰੋ-ਵਾਰੀ ਬੋਲਣ ਲਈ ਕਹਿਣਾ, ਤਸਵੀਰਾਂ ਨੂੰ ਇੱਕ ਦੂਸਰੇ ਨਾਲ ਮਿਲਾ ਕੇ ਤਸਵੀਰ ਦੁਆਲੇ ਚੱਕਰ ਲਗਾਉਣਾ, ਰੇਖਾ ਚਿੱਤਰ ਦੀਆਂ ਬਿੰਦੀਆਂ ਪੈਨਸਿਲ ਨਾਲ ਜੋੜਣੀਆਂ ਆਦਿ।

ਖ. ਕੀ ਅਧਿਆਪਕ ਬੱਚਿਆਂ ਨੂੰ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਹਦਾਇਤਾਂ ਦੀ ਸਿੱਖਿਆ ਦਿੰਦਾ ਹੈ? ਜਿਵੇਂ

Good Morning!

Good Afternoon!

Please sit down.

Please stand up.

ਗ. ਕੀ ਸਕੂਲ ਵਿੱਚ ਅੰਗਰੇਜ਼ੀ ਭਾਸ਼ਾ ਦੇ ਸਿਲੇਬਸ ਦੀ ਕਾਪੀ ਉਪਲੱਬਧ ਹੈ?

ਘ. ਕੀ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਸਿਲੇਬਸ ਅਨੁਸਾਰ ਕਰਵਾਇਆ ਜਾਂਦਾ ਹੈ? ਜਿਸ ਤਰ੍ਹਾਂ ਸਿਲੇਬਸ ਵਿੱਚ ਦਿੱਤਾ ਹੈ ਕਿ ਪਹਿਲੇ ਹਫ਼ਤੇ ਕਿੰਨਾ ਸਿਲੇਬਸ ਪੜ੍ਹਾਉਣਾ ਹੈ? ਮਹੀਨੇ ਵਿੱਚ ਕਿੰਨਾ ਸਿਲੇਬਸ ਪੜ੍ਹਾਉਣਾ ਹੈ?

ਙ. ਕੀ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਲਈ ਸਮਾਂ-ਸਾਰਣੀ ਉਪਲੱਬਧ ਹੈ?

ਚ. ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਲਈ ਸਮਾਂ-ਸਾਰਣੀ ਵਿੱਚ ਕਿੰਨਾ ਸਮਾਂ ਨਿਸ਼ਚਿਤ ਕੀਤਾ ਗਿਆ ਹੈ?

ਛ. ਬੱਚਿਆਂ ਨੂੰ ਅੰਗਰੇਜ਼ੀ ਭਾਸ਼ਾ ਬੋਲਣੀ ਕਿਸ ਤਰ੍ਹਾਂ ਸਿਖਾਈ ਜਾਂਦੀ ਹੈ?

ਜ. ਅੰਗਰੇਜ਼ੀ ਭਾਸ਼ਾ ਦੀ ਕਵਿਤਾ ਦੀ ਪੜ੍ਹਾਈ ਬੱਚਿਆਂ ਨੂੰ ਕਿਵੇਂ ਕਰਵਾਈ ਜਾਂਦੀ ਹੈ?

ਝ. ਕੀ ਘਰ ਵਿੱਚ ਮਾਂ-ਪਿਓ ਵੀ ਅੰਗਰੇਜ਼ੀ ਭਾਸ਼ਾ ਸਿੱਖਣ ਵਿੱਚ ਬੱਚਿਆਂ ਦੀ ਮੱਦਦ ਕਰਦੇ ਹਨ?

ਞ. ਕੀ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਲਈ ਸਹਾਇਕ ਸਮੱਗਰੀ ਜਿਵੇਂ :ਚਾਰਟ, ਨਕਸ਼ੇ, ਮਾਡਲਾਂ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ?

ਟ. ਕੀ ਅੰਗਰੇਜ਼ੀ ਭਾਸ਼ਾ ਦਾ ਪੇਪਰ ਸਿਲੇਬਸ ਵਿੱਚ ਦਿੱਤੇ ਗਏ ਅਨੁਸਾਰ ਲਿਆ ਜਾਂਦਾ ਹੈ?

**1.4 ਬੱਚਿਆਂ ਤੋਂ ਪੁੱਛੇ ਪ੍ਰਸ਼ਨਾਂ ਨਾਲ ਸੰਬਧਿਤ ਪ੍ਰਸ਼ਨ ਸੂਚੀ**

ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਜਾ ਕੇ ਬੱਚਿਆਂ ਦੀਆਂ ਕਾਪੀਆਂ ਚੈੱਕ ਕੀਤੀਆਂ ਗਈਆਂ ਤਾਂ ਕਿ ਇਹ ਪਤਾ ਲੱਗ ਸਕੇ ਕਿ ਬੱਚੇ ਕਿਸ ਤਰ੍ਹਾਂ ਲਿਖ ਰਹੇ ਹਨ? ਇਸ ਤੋਂ ਇਲਾਵਾ ਬੱਚਿਆਂ ਤੋਂ ਹੇਠ ਲਿਖੇ ਪ੍ਰਸਨ ਪੁਛੇ ਗਏ ਹਨ:

ੳ. ਕੀ ਤੁਹਾਡੇ ਕੋਲ ਕਿਤਾਬਾਂ ਹਨ ਜਾਂ ਨਹੀਂ?

ਅ. ਕੀ ਤੁਹਾਨੂੰ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਹਦਾਇਤਾਂ ਦੀ ਸਿੱਖਿਆ ਦਿੱਤੀ ਜਾਂਦੀ ਹੈ ਜਿਵੇਂ:

Good Morning!

Good Afternoon!

May! I go to drink water?

ੲ. ਪੰਜਾਬੀ ਭਾਸ਼ਾ ਦਾ ਸਿਲੇਬਸ ਕਿਸ ਤਰ੍ਹਾਂ ਕਰਵਾਇਆ ਜਾਂਦਾ ਹੈ?

ਸ. ਅੰਗਰੇਜ਼ੀ ਭਾਸ਼ਾ ਦੇ ਉਚਾਰਨ ਦੀ ਸਿੱਖਿਆ ਕਿਸ ਤਰ੍ਹਾਂ ਦਿੱਤੀ ਜਾਂਦੀ ਹੈ?

ਹ. ਤੁਹਾਨੂੰ ਕਿਸ ਤਰ੍ਹਾਂ ਪੜ੍ਹਾਇਆ ਜਾਂਦਾ ਹੈ?

ਕ. ਕੀ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਹਰ ਰੋਜ਼ ਕਰਵਾਇਆ ਜਾਂਦਾ ਹੈ?

ਖ. ਬੱਚਿਆਂ ਤੋਂ ਕੁਝ ਅੱਖਰ ਲਿਖਵਾ ਕੇ ਦੇਖੇ ਗਏ ਕਿ ਉਹ ਪੰਜਾਬੀ ਦੀ ਵਰਨਮਾਲਾ ਅਤੇ ਅੰਗਰੇਜ਼ੀ ਦੇ ਅਲਫਾਬੈੱਟ ਦੇ ਅੱਖਰ ਕਿਸ ਤਰ੍ਹਾਂ ਲਿਖਦੇ ਹਨ?

ਉਪ੍ਰੋਕਤ ਪ੍ਰਸ਼ਨ-ਸੂਚੀਆਂ ਵਿੱਚ ਪੁੱਛੇ ਗਏ ਪ੍ਰਸ਼ਨਾਂ ਦੇ ਆਧਾਰ 'ਤੇ ਸਰਕਾਰੀ ਐਲੀਮੈਂਟਰੀ ਸਕੂਲਾਂ ਤੋਂ ਅਧਿਐਨ ਸਮੱਗਰੀ ਇਕੱਤਰ ਕੀਤੀ ਗਈ।

**2. ਵਿਸ਼ਲੇਸ਼ਣ**

ਸਰਕਾਰੀ ਐਲੀਮੈਂਟਰੀ ਸਕੂਲਾਂ ਤੋਂ ਇਕੱਤਰ ਕੀਤੀ ਗਈ ਅਧਿਐਨ ਸਮੱਗਰੀ ਤੋਂ ਬਾਅਦ ਅਗਲਾ ਪੜਾਅ ਸਮੱਗਰੀ ਦਾ ਵਿਸ਼ਲੇਸ਼ਣ ਕਰਨਾ ਹੈ। ਅਧਿਐਨ ਸਮੱਗਰੀ ਦੇ ਵਿਸ਼ਲੇਸ਼ਣ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ:

2.1 ਪੰਜਾਬੀ ਭਾਸ਼ਾ ਦੇ ਅਧਿਆਪਨ ਨਾਲ ਸੰਬੰਧਿਤ ਸਮੱਗਰੀ ਦੀ ਵਿਸ਼ਲੇਸ਼ਣ ਵਿਧੀ।

2.2 ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਨਾਲ ਸੰਬੰਧਿਤ ਸਮੱਗਰੀ ਦੀ ਵਿਸ਼ਲੇਸ਼ਣ ਵਿਧੀ।

2.1 ਪੰਜਾਬੀ ਭਾਸ਼ਾ ਦੇ ਅਧਿਆਪਨ ਨਾਲ ਸੰਬੰਧਿਤ ਸਮੱਗਰੀਦੀ ਵਿਸ਼ਲੇਸ਼ਣ ਵਿਧੀ।

ਸਰਕਾਰੀ ਐਲੀਮੈਂਟਰੀ ਸਕੂਲਾਂ ਤੋਂ ਇਕੱਤਰ ਕੀਤੀ ਗਈ ਅਧਿਐਨ ਸਮੱਗਰੀ ਦਾ ਵਿਸ਼ਲੇਸ਼ਣ ਕਰਨ ਲਈ ਅਧਿਅਨ ਸਮੱਗਰੀ ਹੇਠ ਲਿਖੇ ਅਨੁਸਾਰ ਵਰਗੀਕ੍ਰਿਤ ਕੀਤਾ ਗਿਆ:-

ਸਕੂਲ ਦਾ ਨਾਂ — ਸਰਕਾਰੀ ਐਲੀਮੈਂਟਰੀ ਸਕੂਲ ਮਾਣਕ ਢੇਰੀ

ਜ਼ਿਲ੍ਹਾ — ਹੁਸ਼ਿਆਰਪੁਰ

**ਅੰਕੜਾ ਸੂਚੀ** (1)

| ਕਲਾਸ ਨੰਬਰ | ਪਛੜੀਆਂ ਸ਼੍ਰੇਣੀਆਂ | ਅਨੁਸੂਚਿਤ ਸ਼੍ਰੇਣੀਆਂ | ਆਮ ਸ਼੍ਰੇਣੀਆਂ | ਕੁੱਲ ਵਿਦਿਆਰਥੀ |
|---|---|---|---|---|
| ਪਹਿਲੀ | 9 | 2 | 5 | 16 |
| ਦੂਸਰੀ | 5 | 1 | 11 | 17 |
| ਤੀਸਰੀ | 13 | 4 | 10 | 17 |
| ਚੌਥੀ | 21 | 2 | 7 | 30 |
| ਪੰਜਵੀਂ | 18 | 3 | 6 | 27 |
| ਕੁੱਲ | 66 | 12 | 39 | 117 |

ਸਕੂਲ ਦਾ ਨਾਂ — ਸਰਕਾਰੀ ਐਲੀਮੈਂਟਰੀ ਸਕੂਲ ਸ਼ਰਿਸ਼ਤਪੁਰ (ਕਸਬਾ)

ਜ਼ਿਲ੍ਹਾ — ਹੁਸ਼ਿਆਰਪੁਰ

**ਅੰਕੜਾ ਸੂਚੀ** (2)

| ਕਲਾਸ ਨੰਬਰ | ਪਛੜੀਆਂ ਸ਼੍ਰੇਣੀਆਂ | ਅਨੁਸੂਚਿਤ ਸ਼੍ਰੇਣੀਆਂ | ਆਮ ਸ਼੍ਰੇਣੀਆਂ | ਕੁੱਲ ਵਿਦਿਆਰਥੀ |
|---|---|---|---|---|
| ਪਹਿਲੀ | 11 | – | 3 | 14 |

| | | | | |
|---|---|---|---|---|
| ਦੂਸਰੀ | 12 | 3 | 2 | 17 |
| ਤੀਸਰੀ | 6 | 1 | 4 | 11 |
| ਚੌਥੀ | 6 | 1 | 1 | 8 |
| ਪੰਜਵੀਂ | 10 | 1 | 3 | 14 |
| ਕੁੱਲ | 45 | 6 | 13 | 64 |

ਸਕੂਲ ਦਾ ਨਾਂ ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ

ਜ਼ਿਲ੍ਹਾ ਹੁਸ਼ਿਆਰਪੁਰ

**ਅੰਕੜਾ ਸੂਚੀ** (3)

| ਕਲਾਸ ਨੰਬਰ | ਪਛੜੀਆਂ ਸ਼੍ਰੇਣੀਆਂ | ਅਨੁਸੂਚਿਤ ਸ਼੍ਰੇਣੀਆਂ | ਆਮ ਸ਼੍ਰੇਣੀਆਂ | ਕੁੱਲ ਵਿਦਿਆਰਥੀ |
|---|---|---|---|---|
| ਪਹਿਲੀ | 2 | -- | 5 | 3 |
| ਦੂਸਰੀ | 6 | -- | 1 | 7 |
| ਤੀਸਰੀ | 2 | 3 | 1 | 6 |
| ਚੌਥੀ | 2 | 2 | 3 | 7 |
| ਪੰਜਵੀਂ | 2 | – | 6 | 8 |
| ਕੁੱਲ | 14 | 5 | 12 | 31 |

ਸਕੂਲ ਦਾ ਨਾਂ ਸਰਕਾਰੀ ਐਲੀਮੈਂਟਰੀ ਸਕੂਲ ਮਾਧੋਪੁਰ

ਜ਼ਿਲ੍ਹਾ ਜਲੰਧਰ

**ਅੰਕੜਾ ਸੂਚੀ** (4)

| ਕਲਾਸ ਨੰਬਰ | ਪਛੜੀਆਂ ਸ਼੍ਰੇਣੀਆਂ | ਅਨੁਸੂਚਿਤ ਸ਼੍ਰੇਣੀਆਂ | ਆਮ ਸ਼੍ਰੇਣੀਆਂ | ਕੁੱਲ ਵਿਦਿਆਰਥੀ |
|---|---|---|---|---|
| ਪਹਿਲੀ | 7 | 2 | 3 | 12 |
| ਦੂਸਰੀ | 8 | 3 | 7 | 18 |
| ਤੀਸਰੀ | 9 | -- | 10 | 19 |
| ਚੌਥੀ | 10 | 1 | 5 | 16 |
| ਪੰਜਵੀਂ | 7 | 1 | 6 | 14 |
| ਕੁੱਲ | 41 | 7 | 31 | 79 |

ਸਕੂਲ ਦਾ ਨਾਂ ਸਰਕਾਰੀ ਐਲੀਮੈਂਟਰੀ ਸਕੂਲ ਰਾਸਤਗੋ

ਜ਼ਿਲ੍ਹਾ ਜਲੰਧਰ

**ਅੰਕੜਾ ਸੂਚੀ** (5)

| ਕਲਾਸ ਨੰਬਰ | ਪਛੜੀਆਂ ਸ਼੍ਰੇਣੀਆਂ | ਅਨੁਸੂਚਿਤ ਸ਼੍ਰੇਣੀਆਂ | ਆਮ ਸ਼੍ਰੇਣੀਆਂ | ਕੁੱਲ ਵਿਦਿਆਰਥੀ |
|---|---|---|---|---|
| ਪਹਿਲੀ | 14 | 2 | 13 | 29 |
| ਦੂਸਰੀ | 24 | 1 | 4 | 29 |

| | | | | |
|---|---|---|---|---|
| ਤੀਸਰੀ | 31 | -- | 6 | 37 |
| ਚੌਥੀ | 26 | -- | 8 | 34 |
| ਪੰਜਵੀਂ | 14 | 1 | 13 | 28 |
| ਕੁੱਲ | 109 | 4 | 44 | 157 |

ਸਰਕਾਰੀ ਐਲੀਮੈਂਟਰੀ ਸਕੂਲਾਂ ਤੋਂ ਇਕੱਤਰ ਕੀਤੀ ਗਈ ਸਮੱਗਰੀ ਦਾ ਵਿਸ਼ਲੇਸ਼ਣ ਕਲਾਸਾਂ ਦੀ ਗਿਣਤੀ ਅਤੇ ਸ਼੍ਰੇਣੀ ਵੰਡ ਦੇ ਆਧਾਰ ਤੇ ਕੀਤਾ ਗਿਆ ਹੈ। ਸਮੁੱਚੀ ਸਮੱਗਰੀ ਦੋ ਜ਼ਿਲ੍ਹਿਆਂ ਦੇ ਪੰਜ ਸਰਕਾਰੀ ਐਲੀਮੈਂਟਰੀ ਸਕੂਲਾਂ ਤੋਂ ਇਕੱਤਰ ਕੀਤੀ ਗਈ। ਅਧਿਐਨ ਸਮੱਗਰੀ ਦੀ ਵੰਡ ਕਲਾਸ ਨੰਬਰ, ਪਛੜੀਆਂ ਸ਼੍ਰੇਣੀਆਂ, ਅਨੁਸੂਚਿਤ ਸ਼੍ਰੇਣੀਆਂ, ਆਮ ਸ਼੍ਰੇਣੀਆਂ, ਕੁੱਲ ਵਿਦਿਆਰਥੀਆਂ ਦੇ ਆਧਾਰ ਤੇ ਕੀਤੀ ਗਈ ਹੈ। ਇਸ ਤੋਂ ਬਾਅਦ ਬਾਕੀ ਚਾਰ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਵੀ ਅਧਿਐਨ ਸਮੱਗਰੀ ਦੀ ਵੰਡ ਉਪ੍ਰੋਕਤ ਅਨੁਸਾਰ ਕੀਤੀ ਗਈ ਅਤੇ ਉਸ ਦਾ ਵਿਸ਼ਲੇਸ਼ਣ ਕੀਤਾ ਗਿਆ। ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਸਮੱਗਰੀ ਦਾ ਇਕੱਤਰੀਕਰਨ ਅਤੇ ਵਿਸ਼ਲੇਸ਼ਣ ਪਹਿਲਾਂ ਦਿੱਤੀਆਂ ਜਾ ਚੁੱਕੀਆਂ ਚਾਰ ਪ੍ਰਸ਼ਨ ਸੂਚੀਆਂ ਵਿੱਚ ਦਿੱਤੇ ਗਏ ਪ੍ਰਸ਼ਨਾਂ ਦੇ ਆਧਾਰ 'ਤੇ ਵੀ ਕੀਤਾ ਗਿਆ ਹੈ। ਇਨ੍ਹਾਂ ਪ੍ਰਸ਼ਨ ਸੂਚੀਆਂ ਵਿੱਚ ਅਧਿਆਪਨ ਵਿਧੀਆਂ, ਸਿਲੇਬਸ, ਸਮਾਂ-ਸਾਰਣੀ, ਆਦਿ ਸੰਬੰਧੀ ਪ੍ਰਸ਼ਨ ਪੁੱਛੇ ਗਏ ਹਨ। ਇਨ੍ਹਾਂ ਪ੍ਰਸ਼ਨ ਸੂਚੀਆਂ ਦੀ ਵੰਡ ਮੁੱਢਲੀ ਜਾਣਕਾਰੀ, ਪੰਜਾਬੀ ਭਾਸ਼ਾ ਦੇ ਅਧਿਆਪਨ, ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਅਤੇ ਬੱਚਿਆਂ ਤੋਂ ਪੁੱਛੇ ਗਏ ਪ੍ਰਸ਼ਨਾਂ ਦੇ ਆਧਾਰ ਤੇ ਕੀਤੀ ਗਈ ਹੈ।

ਇਨ੍ਹਾਂ ਪੰਜ ਅੰਕੜਾ ਸੂਚੀਆਂ ਵਿੱਚ ਪ੍ਰਸੁਤਤ ਕੀਤੀ ਗਈ ਸਮੱਗਰੀ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚੋਂ ਇਕੱਤਰ ਕੀਤੀ ਗਈ ਮੁੱਢਲੀ ਜਾਣਕਾਰੀ ਨਾਲ ਸੰਬੰਧਿਤ ਹੈ। ਇਹ ਅੰਕੜਾ ਸੂਚੀਆਂ ਤਰਤੀਬਵਾਰ ਪੰਜ ਸਕੂਲਾਂ ਦੇ ਅੰਕੜੇ ਪੇਸ਼ ਕਰਦੀਆਂ ਹਨ। ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਸਮੱਗਰੀ ਦੇ ਵਿਸ਼ਲੇਸ਼ਣ ਵਿੱਚ ਦੋ ਹੋਰ ਅੰਕੜਾ ਸੂਚੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਪਹਿਲੀ ਅੰਕੜਾ ਸੂਚੀ ਵਿੱਚ ਪੰਜ ਸਕੂਲਾਂ ਦੇ ਪਹਿਲੀ ਤੋਂ ਲੈ ਕੇ ਪੰਜ ਕਲਾਸਾਂ ਦੇ ਦੇ ਤਰਤੀਬਵਾਰ ਕੁੱਲ ਵਿਦਿਆਰਥੀ, ਪਛੜੀਆਂ ਸ਼੍ਰੇਣੀਆਂ ਦੇ ਕੁੱਲ ਵਿਦਿਆਰਥੀ, ਅਨੁਸੂਚਿਤ ਸ਼੍ਰੇਣੀਆਂ ਅਤੇ ਆਮ ਸ਼੍ਰੇਣੀਆਂ ਦੇ ਕੁੱਲ ਵਿਦਿਆਰਥੀਆਂ ਦੀ ਵੰਡ ਕਲਾਸਾਂ ਦੇ ਆਧਾਰ ਤੇ ਸ਼ਾਮਿਲ ਕੀਤੀ ਗਈ ਹੈ। ਇਹ ਅੰਕੜਾ ਸੂਚੀ ਹੇਠ ਲਿਖੇ ਅਨੁਸਾਰ ਬਣਾਈ ਗਈ ਹੈ:

ਸਕੂਲ ਦੀ ਗਿਣਤੀ ਪੰਜ

**ਅੰਕੜਾ ਸੂਚੀ** (6)

| ਕਲਾਸ ਨੰਬਰ | ਕੁੱਲ ਵਿਦਿਆਰਥੀ | ਪੱਛੜੀਆਂ ਸ਼੍ਰੇਣੀਆਂ | ਅਨੁਸੂਚਿਤ ਸ਼੍ਰੇਣੀਆਂ | ਆਮ ਸ਼੍ਰੇਣੀਆਂ |
|---|---|---|---|---|
| ਪਹਿਲੀ | 74 | 43 | 6 | 29 |
| ਦੂਸਰੀ | 88 | 55 | 8 | 25 |
| ਤੀਸਰੀ | 100 | 61 | 8 | 31 |
| ਚੌਥੀ | 95 | 65 | 6 | 24 |

| | | | | |
|---|---|---|---|---|
| ਪੰਜਵੀਂ | 91 | 51 | 6 | 44 |
| ਕੁੱਲ | 448 | 226 | 34 | 153 |

ਦੂਸਰੀ ਅੰਕੜਾ ਸੂਚੀ ਵਿੱਚ ਪੰਜ ਸਕੂਲਾਂ ਦੇ ਕੁੱਲ ਵਿਦਿਆਰਥੀ, ਕੁੱਲ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀ, ਕੁੱਲ ਅਨੁਸੂਚਿਤ ਸ਼੍ਰੇਣੀਆਂ ਦੇ ਵਿਦਿਆਰਥੀ ਅਤੇ ਕੁੱਲ ਆਮ ਸ਼੍ਰੇਣੀਆਂ ਦੇ ਵਿਦਿਆਰਥੀ ਸ਼ਾਮਿਲ ਕੀਤੇ ਗਏ ਹਨ। ਇਹ ਅੰਕੜਾ ਸੂਚੀ ਹੇਠ ਲਿਖੇ ਅਨੁਸਾਰ ਹੈ:

**ਅੰਕੜਾ ਸੂਚੀ** (7)

| ਸਕੂਲ ਦਾ ਨਾਂ | ਕੁੱਲ ਵਿਦਿਆਰਥੀ | ਪਛੜੀਆਂ ਸ਼੍ਰੇਣੀਆਂ ਦੇ ਕੁੱਲ ਵਿਦਿਆਰਥੀ | ਅਨੁਸੂਚਿਤ ਸ਼੍ਰੇਣੀਆਂ ਦੇ ਕੁੱਲ ਵਿਦਿਆਰਥੀ | ਆਮ ਸ਼੍ਰੇਣੀਆਂ ਦੇ ਕੁੱਲ ਵਿਦਿਆਰਥੀ |
|---|---|---|---|---|
| ਸਰਕਾਰੀ ਐਲੀਮੈਂਟਰੀ ਸਕੂਲ ਮਾਣਕਢੇਰੀ | 117 | 66 | 12 | 39 |
| ਸਰਕਾਰੀ ਐਲਮੀਮੈਂਟਰੀ ਸਕੂਲ ਸਰਿਸ਼ਤਪੁਰ | 64 | 45 | 6 | 13 |
| ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ | 31 | 14 | 5 | 12 |
| ਸਰਕਾਰੀ ਐਲੀਮੈਂਟਰੀ ਸਕੂਲ ਮਾਧੋਪੁਰ | 79 | 41 | 7 | 31 |
| ਸਰਕਾਰੀ ਐਲੀਮੈਂਟਰੀ ਸਕੂਲ ਰਾਸਤਗੋ | 157 | 109 | 4 | 44 |
| ਕੁੱਲ ਜੋੜ | 448 | 275 | 34 | 139 |

ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਸੰਬੰਧੀ ਇਕੱਤਰ ਕੀਤੀ ਗਈ ਅਧਿਐਨ ਸਮੱਗਰੀ ਦਾ ਵਿਸ਼ਲੇਸ਼ਣ ਉਪਰੋਕਤ ਦਿੱਤੀਆਂ ਗਈਆਂ ਅੰਕੜਾ ਸੂਚੀਆਂ ਦੇ ਆਧਾਰ 'ਤੇ ਕੀਤਾ ਗਿਆ ਹੈ। ਦੋਵੇਂ ਅੰਕੜਾ-ਸੂਚੀਆਂ ਪੰਜ ਸਕੂਲਾਂ ਸਬੰਧੀ ਤਰਤੀਬਵਾਰ ਜਾਣਕਾਰੀ ਨੂੰ ਪੇਸ਼ ਕਰਦੇ ਹਨ।

ਸੋ ਇਸ ਤਰ੍ਹਾਂ ਪੰਜਾਬੀ ਭਾਸ਼ਾ ਦੇ ਅਧਿਆਪਨ ਅਤੇ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਨਾਲ ਸੰਬੰਧਿਤ ਅਧਿਐਨ ਸਮੱਗਰੀ ਦਾ ਇਕੱਤਰੀਕਰਨ ਅਤੇ ਵਿਸ਼ਲੇਸ਼ਣ ਪ੍ਰਸ਼ਨ-ਸੂਚੀਆਂ ਵਿੱਚ ਪੁੱਛੇ ਗਏ ਪ੍ਰਸ਼ਨਾਂ ਅਤੇ ਅੰਕੜਾ-ਸੂਚੀਆਂ ਵਿੱਚ ਪੇਸ਼ ਕੀਤੇ ਅੰਕੜਿਆਂ ਦੇ ਆਧਾਰ 'ਤੇ ਕੀਤਾ ਗਿਆ ਹੈ।

## ਅਧਿਆਇ-5

# ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦਾ ਅਧਿਆਪਨ

ਪੰਜਾਬੀ ਭਾਸ਼ਾ ਦੇ ਅਧਿਆਪਨ ਦਾ ਜਾਇਜ਼ਾ ਲੈਣ ਲਈ ਪੰਜ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚੋਂ ਅਧਿਆਪਨ ਸਮੱਗਰੀ ਇਕੱਤਰ ਕੀਤੀ ਗਈ ਹੈ, ਇਨ੍ਹਾਂ ਸਕੂਲਾਂ ਵਿੱਚ ਕੁੱਲ 448 ਬੱਚੇ ਪੜ੍ਹਦੇ ਹਨ। 275 ਬੱਚੇ ਪਛੜੀਆਂ ਸ਼੍ਰੇਣੀਆਂ ਨਾਲ, 34 ਬੱਚੇ ਅਨੁਸੂਚਿਤ ਸ਼੍ਰੇਣੀਆਂ ਨਾਲ ਅਤੇ 139 ਬੱਚੇ ਆਮ ਸ਼੍ਰੇਣੀਆਂ ਨਾਲ ਸੰਬੰਧਿਤ ਹਨ। ਪੰਜਾ ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਕੀਤੇ ਗਏ ਸਰਵੇਖਣ ਤੋਂ ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਜੋ ਨੁਕਤੇ ਸਾਡੇ ਦ੍ਰਿਸ਼ਟੀਗੋਚਰ ਹੁੰਦੇ ਹਨ ਉਨ੍ਹਾਂ ਦੇ ਵੇਰਵਾ ਨਿਮਨ ਅਨੁਸਾਰ ਹੈ:-

## 1. ਸਕੂਲਾਂ ਵਿੱਚ ਸਿਲੇਬਸ ਅਨੁਸਾਰ ਨਹੀਂ ਪੜ੍ਹਾਇਆ ਜਾਂਦਾ

ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਸਿਲੇਬਸ ਦੀ ਵੰਡ ਹਫ਼ਤਿਆਂ ਅਤੇ ਮਹੀਨਿਆਂ ਵਿੱਚ ਕੀਤੀ ਗਈ ਹੈ ਕਿ ਪਹਿਲੇ ਹਫਤੇ ਅਧਿਆਪਕ ਨੇ ਪੰਜਾਬੀ ਭਾਸ਼ਾ ਦਾ ਕਿੰਨਾ ਸਿਲੇਬਸ ਪੜ੍ਹਾਉਣਾ ਹੈ? ਦੂਸਰੇ ਹਫ਼ਤੇ ਵਿੱਚ ਕਿੰਨਾ ਸਿਲੇਬਸ ਪੜ੍ਹਾਉਣਾ ਹੈ? ਅਤੇ ਮਹੀਨੇ ਵਿੱਚ ਕਿੰਨਾ ਸਿਲੇਬਸ ਪੜ੍ਹਾਉਣਾ ਹੈ? ਅਧਿਆਪਕਾਂ ਦਾ ਕਹਿਣਾ ਹੈ ਕਿ ਉਪ੍ਰੋਕਤ ਦਿੱਤੇ ਕ੍ਰਮ ਅਨੁਸਾਰ ਪੜ੍ਹਾਇਆ ਨਹੀਂ ਜਾਂਦਾ। ਇਸ ਦੇ ਕਈ ਕਾਰਨ ਹਨ ਜਿਵੇਂ ਕਿ ਕਈ ਵਾਰ ਅਧਿਆਪਕਾਂ ਦੀ ਡਿਊਟੀ ਮਰਦਮ-ਸ਼ੁਮਾਰੀ, ਵੋਟਾਂ, ਸੈਮੀਨਾਰਾਂ ਵਰਗੇ ਕੰਮਾਂ ਤੇ ਲਗਾ ਦਿੱਤੀ ਜਾਂਦੀ ਹੈ ਜਿਸ ਕਰਕੇ ਅਧਿਆਪਕ ਅਧਿਆਪਨ ਕਾਰਜ ਵੱਲ ਧਿਆਨ ਨਹੀਂ ਦੇ ਸਕਦੇ ਅਤੇ ਸਿਲੇਬਸ ਅਨੁਸਾਰ ਨਹੀਂ ਪੜ੍ਹਾ ਸਕਦੇ। ਬੱਚਿਆਂ ਦਾ ਸਿਲੇਬਸ ਪਛੜ ਜਾਂਦਾ ਹੈ। ਦੂਸਰਾ ਕਾਰਨ ਇਹ ਹੈ ਕਿ ਸਕੂਲਾਂ ਵਿੱਚ ਅਧਿਆਪਕਾਂ ਦੀ ਬਹੁਤ ਕਮੀ ਹੈ। ਅਧਿਆਪਕਾਂ ਦੀ ਕਮੀ ਹੋਣ ਕਰਕੇ ਵੀ ਸਿਲੇਬਸ ਅਨੁਸਾਰ ਨਹੀਂ ਪੜ੍ਹਾਇਆ ਜਾਂਦਾ। ਪੰਜ ਸਕੂਲਾਂ ਦੇ ਸਰਵੇਖਣ ਤੋਂ ਬਾਅਦ ਇਹ ਪਤਾ ਲੱਗਦਾ ਹੈ, ਸਿਰਫ ਸਰਕਾਰੀ ਐਲੀਮੈਂਟਰੀ ਸਕੂਲ ਰਾਸਤਗੋ ਵਿੱਚ ਪੰਜ ਕਲਾਸਾਂ ਨੂੰ ਪੰਜ ਅਧਿਆਪਕ ਪੜ੍ਹਾ ਰਹੇ ਹਨ। ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ ਵਿੱਚ ਪੰਜ ਕਲਾਸਾਂ ਨੂੰ ਸਿਰਫ ਇੱਕ ਅਧਿਆਪਕ ਪੜ੍ਹਾ ਰਿਹਾ ਹੈ। ਇਸ ਤਰ੍ਹਾਂ ਇਕ ਅਧਿਆਪਕ ਕਲਾਸਾਂ ਨੂੰ ਸਿਲੇਬਸ ਅਨੁਸਾਰ ਨਹੀਂ ਪੜ੍ਹਾ ਸਕਦਾ। ਤੀਸਰਾ ਕਾਰਨ ਇਹ ਹੈ ਕਿ ਕਈ ਸਕੂਲਾਂ ਵਿੱਚ ਨਵਾਂ ਸਿਲੇਬਸ ਪਹੁੰਚਿਆ ਹੀ ਨਹੀਂ। ਜੁਲਾਈ ਮਹੀਨੇ ਦੇ ਦੌਰਾਨ ਇਹ ਸਰਵੇਖਣ ਕੀਤਾ

ਗਿਆ ਸੀ, ਉਸ ਸਮੇਂ ਸਰਕਾਰੀ ਐਲੀਮੈਂਟਰੀ ਸਕੂਲ ਰਾਸਤਗੋ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਮਾਧੋਪੁਰ ਕੋਲ, ਨਵੇਂ ਸਿਲੇਬਸ ਦੀ ਕਾਪੀ ਉਪਲਬਧ ਨਹੀਂ ਸੀ। ਇਨ੍ਹਾਂ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦਾ ਅਧਿਆਪਨ ਪੁਰਾਣੇ ਸਿਲੇਬਸ ਅਨੁਸਾਰ ਹੀ ਕਰਾਇਆ ਜਾ ਰਿਹਾ ਸੀ।

## 2. ਕਿਤਾਬਾਂ ਦਾ ਸਕੂਲਾਂ ਵਿੱਚ ਲੇਟ ਪਹੁੰਚਣਾ

ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੜ੍ਹਾਈ ਅਪ੍ਰੈਲ ਮਹੀਨੇ ਤੋਂ ਸ਼ੁਰੂ ਹੈ, ਪਰ ਸਰਕਾਰ ਵੱਲੋਂ ਸਕੂਲਾਂ ਵਿੱਚ ਕਿਤਾਬਾਂ ਜੁਲਾਈ ਮਹੀਨੇ ਵਿੱਚ ਭੇਜੀਆਂ ਗਈਆਂ ਸਨ। ਮੁੱਢਲੀ ਸਿੱਖਿਆ ਮੁਫਤ ਹੋਣ ਕਰਕੇ ਪਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਸ਼੍ਰੇਣੀਆਂ ਦੇ ਬੱਚਿਆਂ ਨੂੰ ਕਿਤਾਬਾਂ ਮੁਫਤ ਦਿੱਤੀਆਂ ਜਾਂਦੀਆਂ ਹਨ। ਪਰ ਇਨ੍ਹਾਂ ਬੱਚਿਆਂ ਦੇ ਮੁਕਾਬਲੇ ਆਮ ਸ਼੍ਰੇਣੀਆਂ ਦੇ ਬੱਚੇ ਕਿਤਾਬਾਂ ਪਹਿਲਾਂ ਹੀ ਲੈ ਲੈਂਦੇ ਹਨ। ਇਕ ਤਰ੍ਹਾਂ ਨਾਲ ਕਿਤਾਬਾਂ ਨਾ ਉਪਲਬਧ ਹੋਣ ਕਰਕੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਸਿੱਖਣ ਅਤੇ ਅਧਿਆਪਕ ਨੂੰ ਪੰਜਾਬੀ ਭਾਸ਼ਾ ਪੜ੍ਹਾਉਣ ਵਿੱਚ ਕਾਫੀ ਮੁਸ਼ਕਿਲ ਆਉਂਦੀ ਹੈ।

## 3. ਪਬਲਿਕ ਸਕੂਲਾਂ ਦਾ ਖੁੱਲ੍ਹ ਜਾਣਾ

ਸਰਕਾਰੀ ਸਕੂਲਾਂ ਦੇ ਮੁਕਾਬਲੇ ਪਬਲਿਕ ਸਕੂਲ ਵੱਡੀ ਗਿਣਤੀ ਵਿੱਚ ਖੁੱਲ੍ਹ ਰਹੇ ਹਨ। ਆਮ ਸ਼੍ਰੇਮੀਆਂ ਦੇ ਲੋਕਾਂ ਦਾ ਜ਼ਿਆਦਾ ਰੁਝਾਨ ਬੱਚਿਆਂ ਨੂੰ ਪਬਲਿਕ ਸਕੂਲਾਂ ਵਿੱਚ ਪੜ੍ਹਾਉਣ ਵੱਲ ਹੈ। ਇਸ ਕਰਕੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਹਰ ਸਾਲ ਘੱਟਦੀ ਜਾ ਰਹੀ ਹੈ। ਪਬਲਿਕ ਸਕੂਲਾਂ ਵਿੱਚ ਪੰਜਬੀ ਭਾਸ਼ਾ ਦੇ ਵਰਨਮਾਲਾ ਦੇ ਅੱਖਰਾਂ ਦੀ ਜਾਣਕਾਰੀ ਦੇਣ ਤੋਂ ਪਹਿਲਾਂ ਬੱਚਿਆਂ ਨੂੰ ਆਲੇਖਣ ਸਿਖਾਇਆ ਜਾਂਦਾ ਹੈ। ਆਲੇਖਣ ਵਿੱਚ ਬੱਚਿਆਂ ਨੂੰ ਲਾਈਨਾਂ, ਗੋਲ ਚੱਕਰ ਆਦਿ ਬਣਾਉਣੇ ਸਿਖਾਏ ਜਾਂਦੇ। ਆਲੇਖਣ ਦੇ ਕੁਝ ਨਮੂਨੇ ਹੇਠ ਲਿਖੇ ਅਨੁਸਾਰ ਹਨ:

–, |, /, 0,

ਸਰਕਾਰੀ ਸਕੂਲਾਂ ਵਿੱਚ ਆਲੇਖਣ ਵਿਧੀ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਅਧਿਆਪਕ ਵਰਨਮਾਲਾ ਦੇ ਅੱਖਰ ਲਿਖਾਉਣੇ ਸ਼ੁਰੂ ਕਰ ਦਿੰਦੇ ਹਨ। ਆਲੇਖਣ ਦੀ ਸਿੱਖਿਆ ਇਸ ਲਈ ਦਿੱਤੀ ਜਾਂਦੀ ਹੈ ਕਿ ਬੱਚਿਆਂ ਦੇ ਹੱਥਾਂ ਤੇ ਅੱਖਾਂ ਦਾ ਤਾਲਮੇਲ ਬਣ ਸਕੇ। ਸਰਕਾਰੀ ਸਕੂਲਾਂ ਵਿੱਚ ਅਧਿਆਪਕ ਬੱਚੇ ਨੂੰ ਠੀਕ ਵਿਧੀ ਨਾਲ ਲਿਖਣਾ ਨਹੀਂ ਦੱਸਦੇ। ਬੱਚਿਆਂ ਨੂੰ 'ੳ' ਅੱਖਰ ਸਿੱਧਾ ਹੀ ਲਿਖਣਾ ਸਿਖਾ ਦਿੱਤਾ ਜਾਂਦਾ ਹੈ ਜਦਕਿ ਅੱਖਰ–ਬੋਧ ਵਿੱਚ ਇਸ ਦੀ ਬਣਤਰ ਹੇਠ ਲਿਖੇ ਅਨੁਸਾਰ ਹੈ:–

ੑ → ਹ → ੳ → ੳ

ਉਪ੍ਰੋਕਤ ਦਿੱਤੀ ਗਈ ਵਿਧੀ ਅਨੁਸਾਰ ਅਧਿਆਪਕ ਨਹੀਂ ਸਿਖਾਉਂਦੇ।

## 4. ਮਾਪਿਆਂ ਦੀ ਅਨਪੜ੍ਹਤਾ

ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਸਰਵੇਖਣ ਦੌਰਾਨ ਅਧਿਆਪਕਾਂ ਦਾ ਕਹਿਣਾ ਹੈ ਕਿ ਬੱਚਿਆਂ ਦੇ ਮਾਂ-ਪਿਓ ਅਨਪੜ੍ਹ ਹਨ। ਉਹ ਆਪਣੇ ਬੱਚੇ ਦੀ ਪੜ੍ਹਾਈ ਵੱਲ ਕੋਈ ਧਿਆਨ ਨਹੀਂ ਦਿੰਦੇ ਕਿ ਬੱਚੇ ਨੂੰ ਘਰ ਵਿੱਚ ਕੀ ਪੜ੍ਹਾਉਣਾ ਹੈ? ਬੱਚੇ ਨੂੰ ਸਕੂਲ ਵਿੱਚ ਅਧਿਆਪਕ ਵੱਲੋਂ ਕੀ ਪੜ੍ਹਾਇਆ ਗਿਆ ਹੈ? ਜਦੋਂ ਘਰ ਵਿੱਚ ਵੀ ਬੱਚੇ ਦੀ ਪੜ੍ਹਾਈ ਵੱਲ ਧਿਆਨ ਨਾ ਦਿੱਤਾ ਜਾਏ ਤਾਂ ਉਹ ਬੱਚੇ ਪੜ੍ਹਾਈ ਵਿੱਚ ਪਛੜ ਜਾਂਦੇ ਹਨ।

## 5. ਬੱਚਿਆਂ ਦਾ ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਹੋਣਾ

ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਸਰਵੇਖਣ ਤੋਂ ਬਾਅਦ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸਕੂਲਾਂ ਵਿੱਚ ਪਛੜੀਆਂ ਸ਼੍ਰੇਣੀਆਂ ਦੇ ਬੱਚਿਆਂ ਦੀ ਗਿਣਤੀ ਜ਼ਿਆਦਾ ਹੈ। ਆਮ ਸ਼੍ਰੇਣੀਆਂ ਦੇ ਬੱਚੇ ਜ਼ਿਆਤਾਰ ਪਬਲਿਕ ਸਕੂਲ ਵਿੱਚ ਪੜ੍ਹਦੇ ਹਨ ਕਿਉਂਕਿ ਆਮ ਸ਼੍ਰੇਣੀਆਂ ਦੇ ਲੋਕਾਂ ਦੀ ਸੋਚਣੀ ਇਹ ਹੈ ਕਿ ਉੱਚ ਪੱਧਰ ਦੀ ਸਿੱਖਿਆ ਪਬਲਿਕ ਸਕੂਲਾਂ ਵਿੱਚ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪਛੜੀਆਂ ਸ਼੍ਰੇਣੀਆਂ ਦੇ ਬੱਚਿਆਂ ਕੋਲ ਜ਼ਿਆਦਾਰ ਪੜ੍ਹਾਈ ਲਈ ਲੋੜੀਂਦੀਆਂ ਵਸਤਾਂ ਜਿਵੇਂ ਕਿਤਾਬਾਂ, ਕਾਪੀਆਂ ਆਦਿ ਦੀ ਕਮੀ ਹੁੰਦੀ ਹੈ ਜਿਸ ਕਰਕੇ ਅਧਿਆਪਕ ਨੂੰ ਪੜ੍ਹਾਉਣ ਅਤੇ ਬੱਚਿਆਂ ਨੂੰ ਪੜ੍ਹਨ ਵਿੱਚ ਮੁਸ਼ਕਿਲ ਆਉਂਦੀ ਹੈ।

## 6. ਅਧਿਆਪਨ ਸਮਾਂ-ਸਾਰਣੀ ਦੇ ਅਨੁਸਾਰ ਨਹੀਂ ਹੁੰਦਾ

ਸਮਾਂ-ਸਾਰਣੀ ਦੇ ਅਨੁਸਾਰ ਪੰਜਾਬੀ ਭਾਸ਼ਾ ਦਾ ਅਧਿਆਪਨ ਲਈ ਇਕ ਪੀਰੀਅਡ (35 ਮਿੰਟ) ਰੋਜ਼ਾਨਾ ਨਿਸ਼ਚਿਤ ਕੀਤਾ ਗਿਆ ਹੈ। ਪਿਛਲੇ ਦੋ ਦਿਨ, ਦੋ ਪੀਰੀਅਡ ਨਿਸ਼ਚਿਤ ਕੀਤੇ ਗਏ ਹਨ ਪਰ ਅਧਿਆਪਕਾਂ ਦਾ ਕਹਿਣਾ ਹੈ ਕਿ ਸਮਾਂ-ਸਾਰਣੀ ਦੇ ਅਨੁਸਾਰ ਪੰਜਾਬੀ ਭਾਸ਼ਾ ਦਾ ਅਧਿਆਪਨ ਨਹੀਂ ਕਰਾਇਆ ਜਾਂਦਾ। ਅਧਿਆਪਕਾਂ ਦਾ ਕਹਿਣਾ ਹੈ ਕਿ ਜਦੋਂ ਸਮਾਂ ਮਿਲੇ ਪੜ੍ਹਾ ਦਿੱਤਾ ਜਾਂਦਾ ਹੈ। ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ ਵਿੱਚ ਇਕ ਅਧਿਆਪਕ ਪੰਜ ਕਲਾਸਾਂ ਨੂੰ ਨਾ ਤਾਂ ਸਮਾਂ-ਸਾਰਣੀ ਅਨੁਸਾਰ ਅਤੇ ਨਾ ਹੀ ਸਿਲੇਬਸ ਅਨੁਸਾਰ ਪੜ੍ਹਾ ਸਕਦਾ ਹੈ। ਬਾਕੀ ਸਕੂਲਾਂ ਵਿੱਚ ਵੀ ਜਿੱਥੇ ਅਧਿਆਪਕਾਂ ਦੀ ਕਮੀ ਹੈ, ਇੱਕ ਅਧਿਆਪਕ ਦੋ ਕਲਾਸਾਂ ਨੂੰ ਪੜ੍ਹਾ ਰਹੇ ਹਨ ਉਹ ਵੀ ਸਮਾਂ-ਸਾਰਣੀ ਦੇ ਅਨੁਸਾਰ ਨਹੀਂ ਪੜ੍ਹਾ ਸਕਦੇ। ਸਿਰਫ ਸਰਕਾਰੀ ਐਲੀਮੈਂਟਰੀ ਸਕੂਲ ਰਾਸਤਗੋ ਵਿੱਚ ਪੰਜਕਲਾਸਾਂ ਨੂੰ ਪੰਜ ਅਧਿਆਪਕ ਪੜ੍ਹਾ ਰਹੇ ਹਨ ਪਰ ਇੱਥੇ ਵੀ ਅਧਿਆਪਕਾਂ ਦਾ ਕਹਿਣਾ ਹੈ ਪੰਜਾਬੀ ਭਾਸ਼ਾ ਦਾ ਅਧਿਆਪਨ ਕਰਵਾਇਆ ਤਾਂ ਰੋਜ਼ਾਨਾ ਜਾਂਦਾ ਹੈ ਪਰ ਸਮਾਂ-ਸਾਰਣੀ ਦੇ ਅਨੁਸਾਰ ਨਹੀਂ ਕਰਵਾਇਆ ਜਾਂਦਾ।

## 7. ਅਧਿਆਪਕਾਂ ਦੀਆਂ ਬਦਲੀਆਂ ਜਾਂ ਡਿਊਟੀਆਂ

ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਅਧਿਆਪਕਾਂ ਦਾ ਕਹਿਣਾ ਹੈ ਜਦੋਂ ਸਰਕਾਰ ਵੱਲੋਂ ਕਿਸੇ ਅਧਿਆਪਕ ਦੀ ਬਦਲੀ ਕਰ ਦਿੱਤੀ ਜਾਂਦੀ ਹੈ ਉਸ ਦੇ ਸਥਾਨ ਤੇ ਨਵਾਂ ਅਧਿਆਪਕ ਜਲਦੀ ਨਹੀਂ ਭੇਜਿਆ ਜਾਂਦਾ ਜਿਸ ਕਰਕੇ ਉਸ ਕਲਾਸ ਦੇ ਅਧਿਆਪਨ ਵੱਲ ਦੂਸਰੇ ਅਧਿਆਪਕ ਪੂਰਾ ਧਿਆਨ ਨਹੀਂ ਦਿੰਦੇ। ਬੱਚਿਆਂ ਨੂੰ ਥੋੜ੍ਹਾ ਪੜ੍ਹਾ ਕੇ ਖੁਦ ਕਰਨ ਲਈ ਕਹਿ ਦਿੱਤਾ ਜਾਂਦਾ ਹੈ। ਪਰ ਅਧਿਆਪਕ ਤੋਂ ਬਿਨ੍ਹਾਂ ਬੱਚੇ ਆਪਣਾ ਬੈਠ ਕੇ ਨਹੀਂ ਪੜ੍ਹਦੇ ਜਿਵੇਂ ਕਿ ਸਰਕਾਰੀ ਐਲੀਮੈਂਟਰੀ ਸਕੂਲ ਮਾਣਕ ਢੇਰੀ ਵਿੱਚ ਚੌਥੀ ਕਲਾਸ ਦੇ ਅਧਿਆਪਕ ਦੀ ਡਿਊਟੀ ਜੁਲਾਈ ਮਹੀਨੇ ਵਿੱਚ ਸਰਕਾਰ ਵੱਲੋਂ ਕਿਸੇ ਹੋਰ ਐਲੀਮੈਂਟਰੀ ਸਕੂਲ ਵਿੱਚ ਲਗਾ ਦਿੱਤੀ ਸੀ ਕਿਉਂਕਿ ਉਸ ਸਕੂਲ ਵਿੱਚ ਵੀ ਅਧਿਆਪਕਾਂ ਦੀ ਕਮੀ ਸੀ। ਅਧਿਆਪਕ ਦੀ ਡਿਊਟੀ ਨਿਸ਼ਚਿਤ ਸਮੇਂ ਲਈ ਨਹੀਂ ਲਗਾਈ ਗਈ ਸੀ। ਇਸ ਕਰਕੇ ਪਹਿਲੀ ਕਲਾਸ ਦਾ ਅਧਿਆਪਕ ਚੌਥੀ ਕਲਾਸ ਨੂੰ ਪੜ੍ਹਾ ਰਿਹਾ ਸੀ। ਕਈ ਵਾਰ ਅਧਿਆਪਕ ਦੀ ਡਿਊਟੀ ਸਰਕਾਰ ਵੱਲੋਂ ਵੋਟਾਂ, ਸਰਵੇ, ਸੈਮੀਨਾਰਾਂ ਅਤੇ ਮਰਦਮ-ਸ਼ੁਮਾਰੀ ਵਰਗੇ ਕੰਮਾਂ ਤੇ ਲਗਾ ਦਿੱਤੀ ਜਾਂਦੀ ਹੈ। ਇਨ੍ਹਾਂ ਡਿਊਟੀਆਂ ਕਰਕੇ ਵੀ ਅਧਿਆਪਕ ਪੰਜਾਬੀ ਭਾਸ਼ਾ ਦਾ ਅਧਿਆਪਨ ਨਹੀਂ ਕਰਵਾ ਸਕਦੇ।

## 8. ਕਲਾਸ ਟੈਸਟ ਲੈਣ ਦਾ ਨਿਸ਼ਚਿਤ ਸਮਾਂ ਨਹੀਂ

ਸਰਕਾਰ ਵੱਲੋਂ ਜਾਰੀ ਕੀਤੇ ਗਏ ਸਿਲੇਬਸ ਨੂੰ ਤਿੰਨ ਟਰਮਾਂ ਵਿੱਚ ਵੰਡਿਆ ਗਿਆ ਹੈ। ਹਰ ਟਰਮ ਦੇ ਅਖੀਰ ਵਿੱਚ ਸਿਲੇਬਸ ਦੀ ਦੁਹਰਾਈ ਕਰਵਾ ਕੇ ਪ੍ਰੀਖਿਆ ਲੈਣ ਲਈ ਕਿਹਾ ਗਿਆ ਹੈ। ਪੁੱਛਣ ਤੇ ਅਧਿਆਪਕਾਂ ਨੇ ਕਿਹਾ ਕਿ ਇਹ ਪ੍ਰੀਖਿਆ ਤਾਂ ਬੱਚਿਆਂ ਦੀ ਲਈ ਜਾਂਦੀ ਹੈ ਪਰ ਉਨ੍ਹਾਂ ਦੇ ਕਲਾਸ-ਟੈਸਟ ਬਹੁਤ ਘੱਟ ਲਏ ਜਾਂਦੇ ਹਨ। ਅਧਿਆਪਕਾਂ ਨੇ ਇਸ ਦਾ ਕਾਰਨ ਆਪਣੀਆਂ ਡਿਊਟੀਆਂ ਜਾਂ ਸਮੇਂ ਦੀ ਕਮੀ ਦੱਸਿਆ ਹੈ। ਪਰ ਦੂਸਰੀਆਂ ਕਲਾਸਾਂ ਦੇ ਮੁਕਾਬਲੇ ਪੰਜਵੀਂ ਕਲਾਸ ਦਾ ਕਲਾਸ-ਟੈਸਟ ਕਈ ਵਾਰ ਲੈ ਲਿਆ ਜਾਂਦਾ ਹੈ। ਇਸ ਕਲਾਸ ਦੇ ਅਧਿਆਪਨ ਵੱਲ ਵੀ ਧਿਆਨ ਦਿੱਤਾ ਜਾਂਦਾ ਹੈ ਕਿਉਂਕਿ ਇਹ ਕਲਾਸ ਬੋਰਡ ਦੀ ਹੈ। ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ ਵਿੱਚ ਸਿਰਫ ਸਾਲਾਨਾ ਪ੍ਰੀਖਿਆ ਤੋਂ ਇਲਾਵਾ ਹੋਰ ਕੋਈ ਵੀ ਪ੍ਰੀਖਿਆ ਨਹੀਂ ਲਈ ਜਾਂਦੀ ਕਿਉਂਕਿ ਅਧਿਆਪਕਾਂ ਦੀ ਕਮੀ ਹੋਣ ਕਰਕੇ ਪੂਰਾ ਸਿਲੇਬਸ ਨਹੀਂ ਕਰਵਾਇਆ ਜਾਂਦਾ।

## 9. ਇਮਾਰਤਾਂ ਦੀ ਕਮੀ

ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਸਰਵੇਖਣ ਤੋਂ ਬਾਅਦ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਜ਼ਿਆਦਾਤਰ ਸਰਕਾਰੀ ਸਕੂਲਾਂ ਵਿੱਚ ਇਮਾਰਤਾਂ ਦੀ ਕਮੀ ਪਾਈ ਜਾਂਦੀ ਹੈ। ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ, ਮਾਧੋਪੁਰ ਅਤੇ ਸ਼ਰਿਸ਼ਤਪੁਰ ਵਿੱਚ

ਸਿਰਫ ਤਿੰਨ-ਤਿੰਨ ਕਮਰੇ ਹਨ। ਇਨ੍ਹਾਂ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦਾ ਕਹਿਣਾ ਹੈ ਕਿ ਜਦੋਂ ਦੋ ਕਲਾਸਾਂ ਇੱਕ ਕਮਰੇ ਵਿੱਚ ਬੈਠਦੀਆਂ ਹਨ ਤਾਂ ਦੋਵਾਂ ਕਲਾਸਾਂ ਨੂੰ ਅਧਿਆਪਨ ਕਰਵਾਉਣਾ ਮੁਸ਼ਕਿਲ ਹੁੰਦਾਹੈ। ਅਧਿਆਪਕ ਜਦੋਂ ਇੱਕ ਕਲਾਸ ਨੂੰ ਪੜ੍ਹਾਉਂਦਾ ਹੈ ਤਾਂ ਦੂਸਰੀ ਕਲਾਸ ਦੇ ਬੱਚੇ ਸ਼ੋਰ ਮਚਾਉਂਦੇ ਹਨ।

ਇਸ ਸਰਵੇਖਣ ਤੋਂ ਬਾਅਦ ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਇਹ ਨਤੀਜਾ ਨਿਕਲਦਾ ਹੈ ਕਿ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦਾ ਅਧਿਆਪਨ ਕਾਫੀ ਪਛੜਿਆ ਹੈ। ਪੰਜਾਬੀ ਭਾਸ਼ਾ ਸਾਡੀ ਮਾਤ-ਭਾਸ਼ਾ ਹ। ਪੰਜਾਬੀ ਭਾਸ਼ਾ ਦੀ ਸਿੱਖਿਆ ਪ੍ਰਾਪਤ ਕਰਨੀ ਲਾਜ਼ਮੀ ਹੈ ਅਤੇ ਮੁੱਢਲੀ ਸਿੱਖਿਆ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਮੁਫਤ ਪ੍ਰਦਾਨ ਕੀਤੀ ਜਾਂਦੀ ਹੈ। ਪਰ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਤੇ ਜ਼ਿਆਦਾ ਧਿਆਨ ਪੰਜਵੀਂ ਕਲਾਸ ਦੇ ਅਧਿਆਪਨ ਵੱਲ ਹੀ ਦਿੱਤਾ ਜਾਂਦਾਹੈ ਕਿਉਂਕਿ ਇਹ ਕਲਾਸ ਬੋਰਡ ਦੀ ਕਲਾਸ ਹੈ।

ਅਧਿਆਇ-6

# ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ

ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਦਾ ਜਾਇਜ਼ਾ ਲੈਣ ਲਈ ਪੰਜ ਸਰਕਾਰ ਐਲੀਮੈਂਟਰੀ ਸਕੂਲਾਂ ਵਿੱਚੋਂ ਅਧਿਆਪਨ ਸਮੱਗਰੀ ਇਕੱਤਰ ਕੀਤੀ ਗਈ ਹੈ। ਇਨ੍ਹਾਂ ਪੰਜ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਕੁੱਲ 448 ਬੱਚੇ ਪੜ੍ਹਦੇ ਹਨ। ਇਨ੍ਹਾਂ 448 ਵਿੱਚ 275 ਬੱਚੇ ਪਛੜੀਆਂ ਜਾਤਾਂ ਨਾਲ, 34 ਬੱਚੇ ਅਨੁਸੂਚਿਤ ਜਾਤਾਂ ਨਾਲ ਅਤੇ 139 ਬੱਚੇ ਆਮ ਸ਼੍ਰੇਣੀਆਂ ਨਾਲ ਸੰਬੰਧਿਤ ਹਨ। ਪੰਜਾਂ ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਸੰਬੰਧੀ ਜੋ ਨੁਕਤੇ ਸਾਡੇ ਦ੍ਰਿਸ਼ਟੀਗੋਚਰ ਹੁੰਦੇ ਹਨ, ਉਨ੍ਹਾਂ ਦਾ ਵੇਰਵਾ ਨਿਮਨ ਅਨੁਸਾਰ ਹੈ:

## 1. ਸਕੂਲਾਂ ਵਿੱਚ ਅਧਿਆਪਨ ਸਿਲੇਬਸ ਦੇ ਅਨੁਸਾਰ ਨਹੀਂ ਕਰਵਾਇਆ ਜਾਂਦਾ:-

ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਸਿਲੇਬਸ ਦੀ ਵੰਡ ਹਫਤਿਆਂ ਅਤੇ ਮਹੀਨਿਆਂ ਵਿੱਚ ਕੀਤੀ ਗਈ ਹੈ ਜਿਵੇਂ:- ਅਪ੍ਰੈਲ ਮਹੀਨੇ ਪਾਠ-1 ਪੜ੍ਹਾਇਆ ਜਾਵੇਗਾ ਆਦਿ। ਇਸ ਤੋਂ ਇਲਾਵਾ ਪਹਿਲੀ ਕਲਾਸ ਦੇ ਬੱਚਿਆਂ ਨੂੰ ਜ਼ਿਆਦਾਤਰ ਜ਼ੁਬਾਨੀ (Oral) ਹੀ ਸਿਲੇਬਸ ਕਰਵਾਉਣਾ ਹੈ। ਅਧਿਆਪਕਾਂ ਦਾ ਕਹਿਣਾ ਹੈ ਕਿ ਦਿੱਤੇ ਗਏ ਸਿਲੇਬਸ ਦੇ ਅਨੁਸਾਰ ਨਹੀਂ ਪੜ੍ਹਾਇਆ ਜਾਂਦਾ। ਇਸ ਦੇ ਕਈ ਕਾਰਨ ਹਨ ਜਿਵੇਂ ਕਿ ਪਹਿਲਾ ਕਾਰਨ ਇਹ ਹੈ ਕਿ ਕਈ ਵਾਰ ਅਧਿਆਪਕਾਂ ਦੀ ਡਿਊਟੀ ਮਰਦਮ-ਸ਼ੁਮਾਰੀ, ਵੋਟਾਂ ਅਤੇ ਸੈਮੀਨਾਰਾਂ ਵਰਗੇ ਕੰਮਾਂ ਤੇ ਲਗਾ ਦਿੱਤੀ ਜਾਂਦੀ ਹੈ ਜਿਸ ਕਰਕੇ ਅਧਿਆਪਕ, ਅਧਿਆਪਨ ਕਾਰਜ ਵੱਲ ਧਿਆਨ ਨਹੀਂ ਦੇ ਸਕਦੇ ਅਤੇ ਨਾ ਹੀ ਸਿਲੇਬਸ ਅਨੁਸਾਰ ਪੜ੍ਹਾ ਸਕਦੇ ਹਨ। ਇਸ ਨਾਲ ਬੱਚਿਆਂ ਦਾ ਸਿਲੇਬਸ ਪਛੜ ਜਾਂਦਾ ਹੈ। ਦੂਸਰਾ ਕਾਰਨ ਹਿ ਹੈ ਕਿ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਪਾਈ ਜਾਂਦੀ ਹੈ। ਅਧਿਆਪਕ ਦੀ ਕਮੀ ਹੋਣ ਕਰਕੇ ਸਿਲੇਬਸ ਦੇ ਅਨੁਸਾਰ ਨਹੀਂ ਪੜ੍ਹਾਇਆ ਜਾ ਸਕਦਾ। ਉਦਾਹਰਨ ਤੋਂ ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ ਵਿੱਚ ਸਿਰਫ ਇੱਕ ਹੀ ਅਧਿਆਪਕ ਪੰਜਾਂ ਕਾਲਸਾਂ ਨੂੰ ਪੜ੍ਹਾ ਰਿਹਾ ਹੈ।

## 2. ਅਧਿਆਪਕ ਕਿਸ ਤਰ੍ਹਾਂ ਪੜ੍ਹਾਉਂਦੇ ਹਨ?

ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਕਿਸੇ ਢੰਗ ਨਾਲ ਨਹੀਂ ਕਰਵਾਇਆ ਜਾ ਰਿਹਾ। ਅਧਿਆਪਕ ਬੱਚਿਆਂ ਨੂੰ ਆਲੇਖਣ ਵਿਧੀ ਦੀ ਜਾਣਕਾਰੀ ਨਹੀਂ ਦੇ ਰਹੇ। ਆਲੇਖਣ ਵਿੱਚ ਬੱਚਿਆਂ ਨੂੰ ਲਾਈਨਾ, ਅਰਧ ਚੱਕਰ, ਗੋਲ ਚੱਕਰ ਬਣਾਉਣੇ ਸਿਖਾਏ ਜਾਂਦੇ ਹਨ। ਆਲੇਖਣ ਦੀਆਂ ਕੁਝ ਉਦਾਹਨਰਾਂ ਹੇਠ ਲਿਖੇ ਅਨੁਸਾਰ ਹਨ। ਜਿਵੇਂ:-

–, |, ⊂, ⊃, ∩, ∪

ਆਲੇਖਣ ਵਿਧੀ ਦੀ ਸਿੱਖਿਆ ਇਸ ਕਰਕੇ ਦਿੱਤੀ ਜਾਂਦੀ ਹੈ ਕਿ ਬੱਚੇ ਦੇ ਹੱਥਾਂ ਅਤੇ ਅੱਖਾਂ ਦਾ ਤਾਲਮੇਲ ਬਣ ਸਕੇ ਇਸ ਕਰਕੇ ਬੱਚਾ ਅੱਖਰਾਂ ਦੀ ਬਣਤਰ ਠੀਕ ਢੰਗ ਨਾਲ ਬਣਾਉਂਦਾ ਹੈ। ਅਧਿਆਪਕ ਬੱਚਿਆਂ ਨੂੰ ਅਲਫਾਬੈਂਟ ਦੇ ਅੱਖਰ ਕ੍ਰਮਵਾਰ A, B, C, ਸਿਖਾ ਰਹੇ ਹਨ ਜੋ ਕਿ ਗਲਤ ਹੈ ਬੱਚਿਆਂ ਨੂੰ ਅਲਫਾਬੈਂਟ ਦੇ ਸਮਾਨ ਬਣਤਰ ਵਾਲੇ ਅੱਖਰਾਂ ਦੇ ਸਮੂਹ ਬਣਾ ਕੇ ਸਿਖਾਉਮੇ ਚਾਹੀਦੇ ਹਨ, ਜਿਵੇਂ:

| | |
|---|---|
| 1. I,T,H, L, | 6, O,Q, |
| 2. P,R,B,K, | 7. E,F |
| 3. C,D,G, | 8.X,Y,Z |
| 4. U,V,W, | 9. S,J |
| 5. M,N,A | |

ਬੱਚਿਆਂ ਨੂੰ ਸਭ ਤੋਂ ਪਹਿਲਾਂ 'T' (ਟੀ) ਜਾਂ 'I' (ਆਈ) ਅੱਖਰ ਲਿਖਣਾ ਸਿਖਾਉਣਾ ਚਾਹੀਦਾ ਹੈ ਕਿਉਂਕਿ ਇਸ ਵਿੱਚ ਖੜ੍ਹੀਆਂ ਲਾਈਨਾਂ (Standing lines) ਜਾਂ (Horizental lines) ਅਤੇ ਲੰਮੀਆਂ ਲਾਈਨਾਂ (Sleeping lines) ਜਾਂ (Vertical lines) ਦੀ ਸਹਾਇਤਾ ਨਾਲ ਅੱਖਰ ਦੀ ਬਣਤਰ ਬਣਾਈ ਜਾਂਦੀ ਹੈ ਜੋ ਕਿ ਬੱਚੇ ਲਈ ਵੀ ਸੌਖਾ ਹੈ। ਅਧਿਆਪਕ ਇਸ ਗੱਲ ਵੱਲ ਵੀ ਧਿਆਨ ਨਹੀਂ ਦੇ ਰਹੇ ਕਿ ਬੱਚਾ ਚਾਰ ਲਾਈਨਾਂ ਵਾਲੀ ਕਾਫੀ ਤੇ ਅੱਖਰ ਠੀਕ ਬਣਾ ਰਿਹਾ ਹੈ ਜਾਂ ਨਹੀਂ? ਕਈ ਬੱਚੇ ਅੱਖਰਾਂ ਦੀ ਬਣਤਰ ਲਾਈਨਾਂ ਤੋਂ ਬਾਹਰ ਹੀ ਬਣਾ ਰਹੇ ਹਨ। ਕਈ ਬੱਚੇ ਅੱਖਰਾਂ ਨੂੰ ਦੋ ਲਾਈਨਾਂ ਵਾਲੀ ਕਾਪੀ ਤੇ ਲਿਖ ਰਹੇ ਹਨ। ਕਈ ਬੱਚੇ ਅਲਫਾਬੈਂਟ ਦੇ ਅੱਖਰ ਫੱਟੀ ਉੱਤੇ ਦੋ ਲਾਈਨਾਂ ਬਣਾ ਕੇ ਜਾਂ ਬਿਨਾਂ ਲਾਈਨਾਂ ਤੋਂ ਹੀ ਲਿਖ ਰਹੇ ਹਨ।

## 3. ਕਿਤਾਬਾਂ ਦਾ ਸਕੂਲਾਂ ਵਿੱਚ ਲੇਟ ਪਹੁੰਚਣਾ:

ਪੰਜ ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਸਰਵੇਖਣ ਅਨੁਸਾਰ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕਿਤਾਬਾਂ ਸਕੂਲਾਂ ਵਿੱਚ ਸਰਕਾਰ ਵੱਲੋਂ ਜੁਲਾਈ ਮਹੀਨੇ ਵਿੱਚ ਪਹੁੰਚਾਈਆਂ ਗਈਆਂ ਜਦਕਿ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੜ੍ਹਾਈ ਅਪ੍ਰੈਲ

ਮਹੀਨੇ ਤੋਂ ਸ਼ੁਰੂ ਹੋ ਚੁੱਕੀ ਸੀ। ਪਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਸ਼੍ਰੇਣੀਆਂ ਦੇ ਬੱਚਿਆਂ ਨੂੰ ਕਿਤਾਬਾਂ ਸਰਕਾਰ ਵੱਲੋਂ ਮੁਫਤ ਦਿੱਤੀਆਂ ਜਾਂਦੀਆਂ, ਹਨ ਪਰ ਆਮ ਸ਼੍ਰੇਣੀਆਂ ਦੇ ਬੱਚੇ ਕਿਤਾਬਾਂ ਪਹਿਲਾਂ ਹੀ ਲੈ ਲੈਂਦੇ ਹਨ। ਇਸ ਤਰ੍ਹਾਂ ਕਈ ਬੱਚਿਆਂ ਕੋਲ ਕਿਤਾਬਾਂ ਹੁੰਦੀਆਂ ਅਤੇ ਕਈ ਬੱਚਿਆਂ ਕੋਲ ਕਿਤਾਬਾਂ ਨਹੀਂ ਹੁੰਦੀਅ। ਕਿਤਾਬਾਂ ਲੇਟ ਪਹੁੰਚਣ ਕਰਕੇ ਅਧਿਆਪਕਾਂ ਨੂੰ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਕਰਵਾਉਣ ਵਿੱਚ ਮੁਸ਼ਕਿਲ ਆਉਂਦੀ ਹੈ ਅਤੇ ਬੱਚਿਆਂ ਨੂੰ ਪੜ੍ਹਨ ਵਿੱਚ ਵੀ ਮੁਸ਼ਕਿਲ ਆਉਂਦੀਹੈ।

### 4. ਮਾਪਿਆਂ ਦੀ ਅਨਪੜ੍ਹਤਾ:-

ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਅਧਿਆਪਕਾਂ ਦਾ ਕਹਿਣਾ ਹੈ ਕਿ ਬਹੁਤੇ ਬੱਚਿਆਂ ਦੇ ਮਾਂ-ਪਿਓ ਅਨਪੜ੍ਹ ਹੋਣ ਕਰਕੇ ਉਹ ਬੱਚੇ ਦੀ ਪੜ੍ਹਾਈ ਵੱਲ ਧਿਆਨ ਨਹੀਂ ਦਿੰਦੇ। ਘਰ ਵਿੱਚ ਮਾਂ-ਪਿਓ ਦਾ ਬੱਚਿਆਂ ਦੀ ਪੜ੍ਹਾਈ ਵੱਲ ਧਿਆਨ ਨਾ ਦੇਣ ਕਰਕੇ ਬੱਚੇ ਪੜ੍ਹਾਈ ਵਿੱਚ ਪਛੜ ਜਾਂਦੇ ਹਨ। ਅਨਪੜ੍ਹ ਮਾਂ-ਪਿਓ ਜੋ ਪੰਜਾਬੀ ਭਾਸ਼ਾ ਦਾ ਅਧਿਆਪਨ ਨਹੀਂ ਕਰਵਾ ਸਕਦੇ, ਉਹ ਬੱਚੇ ਨੂੰ ਅੰਗਰੇਜ਼ੀ ਭਾਸ਼ਾ ਤਾਂ ਬਿਲਕੁਲ ਹੀ ਨਹੀਂ ਪੜ੍ਹਾ ਸਕਦੇ।

### 5. ਬੱਚਿਆਂ ਦਾ ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਹੋਣਾ:-

ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਸਰਵੇਖਣ ਦੌਰਾਨ ਇਹ ਦੇਖਣ ਨੂੰ ਮਿਲਿਆ ਹੈ ਕਿ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਬੱਚੇ ਜ਼ਿਆਦਾਤਰ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਹਨ। ਪੱਛੜੀਆਂ ਸ਼੍ਰੇਣੀਆਂ ਦੇ ਬੱਚਿਆਂ ਕੋਲ ਜ਼ਿਆਤਾਰ ਪੜ੍ਹਾਈ ਨਾਲ ਸੰਬੰਧਿਤ ਲੋੜੀਦੀਆਂ ਵਸਤਾਂ (ਕਾਪੀਆਂ, ਕਿਤਾਬਾਂ, ਪੈੱਨ ਆਦਿ) ਦੀ ਕਮੀ ਪਾਈ ਜਾਂਦੀ ਹੈ ਜਿਸ ਨਾਲ ਅਧਿਆਪਕ ਨੂੰ ਅੰਗਰੇਜ਼ੀ ਭਾਸ਼ਾ ਪੜ੍ਹਾਉਣ ਵਿੱਚ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ।

### 6. ਅਧਿਆਪਨ ਸਮਾਂ-ਸਾਰਣੀ ਅਨੁਸਾਰ ਨਹੀਂ ਹੁੰਦੀ:

ਸਮਾਂ-ਸਾਰਣੀ ਦੇ ਅਨੁਸਾਰ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਲਈ ਰੋਜ਼ਾਨਾ ਇਕ ਪੀਰੀਅਡ (35 ਮਿੰਟ) ਨਿਸ਼ਚਿਤ ਕੀਤਾ ਗਿਆ ਹੈ। ਅਧਿਆਪਕਾਂ ਦਾ ਕਹਿਣਾ ਹੈ ਕਿ ਸਮੰ-ਸਾਰਣੀ ਦੇ ਅਨੁਸਾਰ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਨਹੀਂ ਕਰਵਾ ਸਕਦੇ ਕਿਉਂਕਿ ਇੱਕ ਤਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਪਾਈ ਜਾਂਦੀ ਹੈ, ਦੂਸਰਾ ਕਈ ਸਕੂਲਾਂ ਵਿੱਚ ਸਿਲੇਬਸ ਦੀ ਕਾਪੀ ਉਪਲੱਬਧ ਨਹੀਂ ਹੈ। ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ ਵਿੱਚ ਸਿਰਫ ਇੱਕ ਅਧਿਆਪਕ ਪੰਜ ਕਲਾਸਾਂ ਨੂੰ ਪੜ੍ਹਾ ਰਿਹਾ ਹੈ ਇਸ ਲਈ ਅਕਿ ਅਧਿਆਪਕ ਨਾ ਤਾਂ ਸਮਾਂ ਸਾਰਣੀ ਅਨੁਸਾਰ ਅਤੇ ਨਾ ਹੀ ਸਿਲੇਬਸ ਅਨੁਸਾਰ ਪੜ੍ਹਾ ਸਕਦਾ ਹੈ।

## 7. ਅਧਿਆਪਕਾਂ ਦੀਆਂ ਬਦਲੀਆਂ ਜਾਂ ਡਿਊਟੀਆਂ:

ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਅਧਿਆਪਕਾਂ ਦਾ ਕਹਿਣਾ ਹੈ ਜਦੋਂ ਸਰਕਾਰ ਵੱਲੋਂ ਕਿਸੇ ਅਧਿਆਪਕ ਦੀ ਬਦਲੀ ਕਰ ਦਿੱਤੀ ਜਾਂਦੀਹੈ ਉਸ ਦੇ ਸਥਾਨ ਤੇ ਨਵਾਂ ਅਧਿਆਪਕ ਜਲਦੀ ਨਹੀਂ ਭੇਜਿਆ ਜਾਂਦਾ ਹੈ ਜਿਸ ਕਰਕੇ ਦੂਸਰੇ ਅਧਿਆਪਕ ਉਸ ਕਲਾਸ ਨੂੰ ਪੂਰੇ ਧਿਆਨ ਨਾਲ ਨਹੀਂ ਪੜ੍ਹਾਉਂਦੇ ਜਿਵੇਂ ਕਿ ਸਰਕਾਰੀ ਐਲੀਮੈਂਟਰੀ ਸਕੂਲ ਮਾਣਕ-ਢੇਰੀ ਵਿੱਚ ਚੌਥੀ ਕਲਾਸ ਦੇ ਅਧਆਪਕ ਦੀ ਡਿਊਟੀ ਜੁਲਾਈ ਮਹੀਨੇ ਵਿੱਚ ਕਿਸੇ ਹੋਰ ਸਰਕਾਰੀ ਐਲੀਮੈਂਟਰੀ ਸਕੂਲ ਵਿੱਚ ਲਗਾ ਦਿੱਤੀ ਸੀ ਜਿਥੇ ਅਧਿਆਪਕਾਂ ਦੀ ਕਮੀ ਪਾਈ ਜਾਂਦੀ ਸੀ। ਅਧਿਆਪਕ ਦੀ ਡਿਊਟੀ ਨਿਸ਼ਚਿਤ ਸਮੇਂ ਲਈ ਨਹੀਂ ਲਗਾਈ ਗਈ ਸੀ। ਸਰਕਾਰੀ ਐਲੀਮੈਂਟਰੀ ਸਕੂਲ ਮਾਣਕ-ਢੇਰੀ ਵਿੱਚ ਪਹਿਲੀ ਕਲਾਸ ਦਾ ਅਧਿਆਪਕ ਹੀ ਚੌਥੀ ਕਲਾਸ ਨੂੰ ਪੜ੍ਹਾ ਰਿਹਾ ਸੀ। ਕਈ ਵਾਰ ਅਧਿਆਪਕਾਂ ਦੀ ਡਿਊਟੀ ਸਰਕਾਰੀ ਵੱਲੋਂ ਵੋਟਾਂ, ਮਰਦਮ-ਸ਼ੁਮਾਰੀ, ਸੈਮੀਨਾਰਾਂ ਆਦਿ ਵਰਗੇ ਕੰਮਾਂ ਤੇ ਲਗਾ ਦਿੱਤੀ ਜਾਂਦੀ ਹੈ। ਇਨ੍ਹਾਂ ਡਿਊਟੀਆਂ ਕਰਕੇ ਵੀ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਪਛੜ ਜਾਂਦਾ ਹੈ।

## 8. ਪ੍ਰੀਖਿਆ:-

ਸਰਕਾਰ ਵੱਲੋਂ ਜਾਰੀ ਕੀਤੇ ਗਏ ਸਿਲੇਬਸ ਨੂੰ ਤਿੰਨ ਟਰਮਾਂ ਵਿੱਚ ਵੰਡਿਆ ਗਿਆ ਹੈ। ਹਰ ਟਰਮ ਦੇ ਅਖੀਰ ਵਿੱਚ ਸਿਲੇਬਸ ਦੀ ਦੁਹਰਾਈ ਕਰਵਾ ਕੇ ਪੇਪਰ ਲੈਣ ਲਈ ਕਿਹਾ ਗਿਆ ਅਤੇ ਸਾਲਾਨਾ ਪ੍ਰੀਖਿਆ ਤੋਂ ਪਹਿਲਾਂ ਨਮੂਨੇ ਦਾ ਪ੍ਰਸਨ-ਪੱਤਰ ਤਿਆਰ ਕਰਕੇ ਦੁਹਰਾਈ ਕਰਵਾਉਣ ਲਈ ਕਿਹਾ ਗਿਆ ਹੈ। ਪਹਿਲੀ ਸ਼੍ਰੇਣੀ ਦੀ ਮਈ ਵਿੱਚ ਹੋਣ ਵਾਲੀ ਪ੍ਰੀਖਿਆ ਸਿਰਫ ਜੁਬਾਨੀ (Oral) ਲੈਣ ਲਈ ਕਿਹਾ ਗਿਆ ਹੈ ਅਤੇ ਸਾਲਾਨਾ ਪ੍ਰੀਖਿਆ ਜੁਬਾਨੀ (Oral) ਅਤੇ ਲਿਖਤੀ (Written) ਦੋਵੇਂ ਤਰ੍ਹਾਂ ਲੈਣ ਲਈ ਕਿਹਾ ਗਿਆ ਹੈ। ਪਰ ਅਧਿਆਪਕਾਂ ਦੇ ਪੁੱਛਣ ਤੇ ਉਨ੍ਹਾਂ ਨੇ ਇਹ ਕਿਹਾ ਹੈ ਕਿ ਸਿਲੇਬਸ ਵਿੱਚ ਦਿੱਤੇ ਅਨੁਸਾਰ ਪ੍ਰੀਖਿਆ ਲਈ ਜਾਂਦੀ ਹੈ ਪਰ ਨਮੂਨੇ ਦਾ ਪ੍ਰਸਨ ਪੱਤਰ ਤਿਆਰ ਕਰਕੇ ਦੁਹਰਾਈ ਨਹੀਂ ਕਰਵਾਈ ਜਾਂਦੀ ਹੈ ਅਤੇ ਬੱਚਿਆਂ ਦੇ ਕਲਾਸ ਟੈਸਟ ਬਹੁਤ ਘੱਟ ਲਏ ਜਾਂਦੇ ਹਨ।

## 9. ਇਮਾਰਤਾਂ ਦੀ ਕਮੀ:

ਜ਼ਿਆਦਾਤਰ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਇਮਾਰਤਾਂ ਦੀ ਕਮੀ ਪਾਈ ਜਾਂਦੀ ਹੈ। ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ, ਮਾਧੋਪੁਰ ਅਤੇ ਸ਼ਰਿਸ਼ਤਪੁਰ ਵਿੱਚ ਸਿਰਫ ਤਿੰਨ-ਤਿੰਨ ਕਮਰੇ ਹਨ। ਇਨ੍ਹਾਂ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦਾ ਕਹਿਣਾ ਹੈ ਕਿ ਜਦੋਂ ਦੋ ਕਲਾਸਾਂ ਇੱਕ ਕਮਰੇ ਵਿੱਚ ਬੈਠਦੀਆਂ ਹਨ ਤਾਂ ਪੜ੍ਹਾਉਣਾ ਮੁਸ਼ਕਿਲ ਹੋ

ਸਰਕਾਰੀ ਐਲੀਮੈਂਟਰੀ ਸਕੂਲ ਸ਼ਰਿਸ਼ਤਪੁਰ (ਹੁਸ਼ਿਆਰਪੁਰ)
ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ (ਹੁਸ਼ਿਆਰਪੁਰ)
ਸਰਕਾਰੀ ਐਲੀਮੈਂਟਰੀ ਸਕੂਲ ਰਾਸਤਗੋ (ਜਲੰਧਰ)
ਸਰਕਾਰੀ ਐਲੀਮੈਂਟਰੀ ਸਕੂਲ ਮਾਧੋਪੁਰ (ਜਲੰਧਰ)

ਇਸ ਸਰਵੇਖਣ ਤੋਂ ਬਾਅਦ ਪੰਜਾਬੀ ਭਾਸ਼ਾ ਦੇ ਅਧਿਆਪਨ ਨਾਲ ਸਬੰਧਿਤ ਗੱਲਾਂ ਹੇਠ ਲਿਖੇ ਅਨੁਸਾਰ ਹਨ:-

**1.1 ਸਿਲੇਬਸ**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜ ਕਲਾਸਾਂ (ਪਹਿਲੀ ਤੋਂ ਪੰਜਵੀਂ) ਦਾ ਜੋ ਸਿਲੇਬਸ ਜਾਰੀ ਕੀਤਾ ਗਿਆ ਹੇਠ ਲਿਖੇ ਅਨੁਸਾਰ ਹੈ:-

**1.1 ਸਿਲੇਬਸ**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜ ਕਲਾਸਾਂ (ਪਹਿਲੀ ਤੋਂ ਪੰਜਵੀਂ) ਦਾ ਜੋ ਸਿਲੇਬਸ ਜਾਰੀ ਕੀਤਾ ਗਿਆ ਹੇਠ ਲਿਖੇ ਅਨੁਸਾਰ ਹੈ:-

1.1.1 ਪਹਿਲੀ ਸ਼੍ਰੇਣੀ

ਪਹਿਲੀ ਟਰਮ

ਅਪ੍ਰੈਲ:- ਪਹਿਲੀ ਸ਼੍ਰੇਣੀ ਦੇ ਪੰਜਾਬੀ ਭਾਸ਼ਾ ਦੇ ਅਧਿਆਪਨ ਲਈ ਅੱਖਰ ਬੋਧ ਅਤੇ **"ਪੰਜਾਬੀ ਪੁਸਤਕ-1"** ਲਗਾਈ ਗਈ ਹੈ। ਅੱਖਰ ਬੋਧ ਵਿੱਚ ਤਸਵੀਰਾਂ ਰਾਹੀਂ ਵਰਨਮਾਲਾ ਦੇ ਪੈਂਤੀ ਅੱਖਰਾਂ ਦੀ ਜਾਣਕਾਰੀ ਦਿੱਤੀ ਜਾਵੇਗੀ। ਜਿਵੇਂ 'ੳ' ਅੱਖਰ ਦੀ ਪਛਾਣ ਕਰਾਉਣ ਲਈ ਊਠ ਦੀ ਤਸਵੀਰ ਅਤੇ 'ਅ' ਅੱਖਰ ਦੀ ਪਛਾਣ ਕਰਵਾਉਣ ਲਈ 'ਅੱਖ' ਦੀ ਤਸਵੀਰ ਬਣਾਈ ਗਈ ਹੈ। ਬੱਚਿਆਂ ਨੂੰ ਵਰਨਮਾਲਾ ਦੇ ਅੱਖਰ ਦਾ ਸਹੀ ਉਚਾਰਨ ਸਿਖਾਇਆ ਜਾਂਦਾ ਹੈ।

ਮਈ:- ਇਸ ਮਹੀਨੇ ਵਿੱਚ ਬੱਚਿਆਂ ਨੂੰ ਵਰਨਮਾਲਾ ਦੇ ਅੱਖਰ ਲਿਖਣੇ ਸਿਖਾਏ ਜਾਣਗੇ।

ਬੱਚਿਆਂ ਨੂੰ ਗੋਲੀਆਂ ਦੀ ਸਹਾਇਤਾ ਨਾਲ ਦਸ (10) ਤੱਕ ਗਿਣਤੀ ਸਿਖਾਈ ਜਾਏਗੀ।

ਦੂਸਰੀ ਟਰਮ

ਜੁਲਾਈ:- ਜੁਲਾਈ ਵਿੱਚ ਭੁਲਾਵੇਂ ਅੱਖਰਾਂ ਬਾਰੇ ਜਾਣਕਾਰੀ ਦੇ ਕੇ ਲਿਖਣੇ ਸਿਖਾਏ ਜਾਣਗੇ।

ਅਗਸਤ:- ਅਗਸਤ ਮਹੀਨੇ ਵਿੱਚ ਪੰਜਾਬੀ ਪਸਤਕ-1 ਪੜ੍ਹਾਉਣੀ ਸ਼ੁਰੂ ਕੀਤੀ ਜਾਵੇਗੀ। ਇਸ ਪੁਸਤਕ ਦੇ 1-7 ਤੱਕ ਪਾਠ ਪੜ੍ਹਾਏ ਜਾਣਗੇ।

ਤੀਸਰੀ ਟਰਮ

ਸਤੰਬਰ:- 8 ਤੋਂ 11 ਤੱਕ ਪਾਠ ਪੜ੍ਹਾਏ ਜਾਣਗੇ।

ਅਕਤੂਬਰ:- 12 ਤੋਂ 17 ਤੱਕ ਪਾਠ ਪੜ੍ਹਾਏ ਜਾਣਗੇ।

ਨਵੰਬਰ:- ਪਾਠ 18 'ਮੁਹਾਰਨੀ' ਪੜ੍ਹਾਈ ਜਾਵੇਗੀ। ਨਵੰਬਰ ਦੇ ਤੀਸਰੇ ਅਤੇ ਚੌਥੇ

## ਅਧਿਆਇ -7

# ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਤੁਲਨਾਮਤਕ ਅਧਿਐਨ

ਸ਼ੁਰੂ-ਸ਼ੁਰੂ ਵਿੱਚ ਹੋਰਨਾਂ ਭਾਸ਼ਾਵਾਂ ਦੀ ਤਰ੍ਹਾਂ ਪੰਜਾਬੀ ਭਾਸ਼ਾ ਨੂੰ ਮਾਤ-ਭਾਸ਼ਾ ਵਜੋਂ ਪੜ੍ਹਾਇਆ ਜਾਂਦਾ ਸੀ ਪਰ ਬਦਲਦੀਆਂ ਹੋਈਆਂ ਪ੍ਰਸਥਿਤੀਆਂ ਦੇ ਅਨੁਕੂਲ ਅੱਜ ਪੰਜਾਬੀ ਭਾਸ਼ਾ ਨੂੰ ਦੂਸਰੀ ਭਾਸ਼ਾ ਵਜੋਂ ਪੜ੍ਹਾਉਣ ਦੀ ਜ਼ਰੂਰਤ ਵੀ ਮਹਿਸੂਸ ਹੋਣ ਲੱਗ ਪਈ ਹੈ। ਹੋਰਨਾਂ ਦੇਸ਼ਾਂ ਅਤੇ ਰਾਜਾਂ ਵਿੱਚ ਹੁੰਦੀਆਂ ਖੋਜਾਂ ਅਤੇ ਵਿਚਾਰਾਂ ਦੀ ਜਾਣਕਾਰੀ ਹਾਸਿਲ ਕਰਨ ਲਈ ਇਹ ਜ਼ਰੂਰੀ ਹੈ ਕਿ ਮਨੁੱਖ ਨੂੰ ਆਪਣੀ ਮਾਤ-ਭਾਸ਼ਾ ਤੋਂ ਇਲਾਵਾ ਹੋਰ ਭਾਸ਼ਾਵਾਂ ਦੀ ਜਾਣਕਾਰੀ ਵੀ ਹੋਵੇ। ਅੱਜ ਦੇ ਯੁੱਗ ਵਿੱਚ ਪੰਜਾਬ ਵਰਗੇ ਪ੍ਰਾਂਤ ਜਿਸ ਦੀ ਮਾਤ-ਭਾਸ਼ਾ ਪੰਜਾਬੀ ਹੈ, ਅੰਗਰੇਜ਼ੀ ਭਾਸ਼ਾ ਸਿੱਖਣ ਦਾ ਰੁਝਾਨ ਜ਼ਿਆਦਾ ਪਾਇਆ ਜਾਂਦਾ ਹੈ। ਪੰਜਾਬ ਦੇ ਸਰਕਾਰੀ ਐਲੀਮੈਂਟਰੀ ਸਕੂਲ ਦੀ ਅੰਗਰੇਜ਼ੀ ਭਾਸ਼ਾ ਦੇ ਪ੍ਰਭਾਵ ਤੋਂ ਬਚ ਨਹੀਂ ਸਕੇ। ਅੱਜ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਦੇ ਸਮਾਨਾਂਤਰ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਵੀ ਕਰਵਾਇਆ ਜਾਂਦਾ ਹੈ। ਪੰਜਾਬੀ ਬੱਚਿਆਂ ਨੂੰ ਪੰਜਾਬੀ ਭਾਸ਼ਾ ਦੇ ਮੁਕਾਬਲੇ ਅੰਗਰੇਜ਼ੀ ਭਾਸ਼ਾ ਦੀ ਸਿੱਖਿਆ ਦੇਣਾ ਬਹੁਤ ਔਖਾ ਕਾਰਜ ਹੈ। ਇਸ ਵਿੱਚ ਭਿੰਨ-ਭਿੰਨ ਪ੍ਰਕਾਰ ਦੀਆਂ ਅਧਿਆਪਨ ਵਿਧੀਆਂ ਅਤੇ ਅਧਿਆਪਨ ਸਮੱਗਰੀ ਦੀ ਜਰੂਰਤ ਪੈਂਦੀ ਹੈ। ਉਪ੍ਰੋਕਤ ਵਿਚਾਰਾਂ ਦੀ ਰੌਸ਼ਨੀ ਵਿੱਚ ਇਸ ਅਧਿਆਇ "ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦਾ ਅਧਿਆਪਨ ਅਤੇ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ: ਤੁਲਨਾਤਮਕ ਅਧਿਅਨ" ਵਿੱਚ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਅੰਗਰੇਜ਼ੀ ਭਾਸ਼ਾ ਅਤੇ ਪੰਜਾਬੀ ਭਾਸ਼ਾ ਦੇ ਅਧਿਆਪਨ ਦੀ ਤੁਲਨਾ ਕੀਤੀ ਗਈ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:-

**1. ਪੰਜਾਬੀ ਭਾਸ਼ਾ ਦਾ ਅਧਿਆਪਨ**

ਇਸ ਖੋਜ ਕਾਰਜ ਵਿੱਚ ਦੋ ਜ਼ਿਲ੍ਹਿਆਂ (ਜਲੰਧਰ, ਹੁਸ਼ਿਆਰਪੁਰ) ਦੇ ਪੰਜ ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਕੁੱਲ 448 ਬੱਚਿਆਂ ਦਾ ਸਰਵੇਖਣ ਕੀਤਾ ਗਿਆ ਹੈ। ਕੁੱਲ 448 ਬੱਚਿਆਂ ਵਿੱਚ 275 ਬੱਚੇ ਪੱਛੜੀਆਂ ਸ਼੍ਰੇਣੀਆਂ, 34 ਬੱਚੇ ਅਨੁਸੂਚਿਤ ਸ਼੍ਰੇਣੀਆਂ ਅਤੇ 139 ਬੱਚੇ ਆਮ ਸ਼੍ਰੇਣੀਆਂ ਨਾਲ ਸੰਬੰਧਿਤ ਹਨ। ਇਨ੍ਹਾਂ ਸਕੂਲਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ :-

| ਸਕੂਲ ਦਾ ਨਾਂ | ਜ਼ਿਲ੍ਹਾ |
|---|---|
| ਸਰਕਾਰੀ ਐਲੀਮੈਂਟਰੀ ਸਕੂਲ ਮਾਣਕਢੇਰੀ | (ਹੁਸ਼ਿਆਰਪੁਰ) |

ਜਾਂਦਾ ਹੈ। ਅਧਿਆਪਕ ਜਦ ਇਕ ਕਲਾਸ ਨੂੰ ਪੜ੍ਹਾ ਰਿਹਾ ਹੁੰਦਾ ਹੈ ਤਾਂ ਦੂਸਰੀ ਕਲਾਸ ਦੇ ਬੱਚੇ ਸ਼ੋਰ ਮਚਾਉਂਦੇ ਹਨ।

## 10. ਅਧਿਆਪਕਾਂ ਦੀ ਕਮੀ:

ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਸਰਵੇਖਣ ਤੋਂ ਇੱਕ ਗੱਲ ਸਾਹਮਣੇ ਆਉਂਦੀ ਹੈ ਕਿ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਪਾਈ ਜਾਂਦੀ ਹੈ। ਕਿਸੇ ਸਕੂਲ ਵਿੱਚ ਦੋ ਅਧਿਆਪਕ ਅਤੇ ਕਿਸੇ ਸਕੂਲ ਵਿੱਚ ਤਿੰਨ ਅਧਿਆਪਕ ਪੜ੍ਹਾ ਰਹੇ ਹਨ। ਜਿਵੇਂ ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ ਵਿੱਚ ਸਿਰਫ ਇੱਕ ਅਧਿਆਪਕ ਪੰਜ ਕਲਾਸਾਂ ਨੂੰ ਪੜ੍ਹਾ ਰਿਹਾ ਹੈ। ਸਰਕਾਰੀ ਐਲੀਮੈਂਟਰੀ ਸਕੂਲ ਮਾਣਕ-ਢੇਰੀ, ਮਾਧੋਪੁਰ, ਸ਼ਰਿਸ਼ਤਪੁਰ ਵਿੱਚ ਤਿੰਨ-ਤਿੰਨ ਅਧਿਆਪਕ ਪੰਜ ਕਲਾਸਾਂ ਨੂੰ ਪੜ੍ਹਾ ਰਹੇ ਹਨ। ਇਨ੍ਹਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਹੋਣ ਕਰਕੇ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਕਾਫੀ ਪਛੜਿਆ ਹੋਇਆ ਹੈ।

## 11. ਪੁਸਤਕ ਵਿੱਚ ਦਿੱਤੀਆਂ ਹਦਾਇਤਾਂ:-

ਹਦਾਇਤਾਂ ਅਨੁਸਾਰ ਸਹਾਇਕ ਸਮੱਗਰੀ ਜਿਵੇਂ ਚਾਰਟ, ਨਕਸ਼ੇ, ਮਾਡਲਾਂ ਦੀ ਵਰਤੋਂ ਕਰਕੇ ਅਧਿਆਪਕ, ਬੱਚੇ ਨੂੰ ਪੜ੍ਹਾਏ। ਅਧਿਆਪਕ ਬੱਚੇ ਨੂੰ ਤਸਵੀਰ ਦਿਖਾ ਕੇ ਆਪਣੀ ਮਾਤ-ਭਾਸ਼ਾ ਵਿੱਚ ਕੁੱਝ ਸ਼ਬਦ ਬੋਲਣ ਲਈ ਕਹੇ। ਬੱਚਿਆਂ ਨੂੰ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਹਦਾਇਤਾਂ ਸਿਖਾਉਣ ਲਈ ਕਿਹਾ ਗਿਆ ਹੈ ਜਿਵੇਂ:-

Good Morning

Good Afternoon

ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਲਈ ਪੀਰੀਅਡ ਦੀ ਵੰਡ ਕਰਨ ਲਈ ਕਿਹਾ ਗਿਆ ਹੈ ਜਿਸ ਅਨੁਸਾਰ ਬੱਚੇ ਨਾਲ ਰੋਜ਼ਾਨਾ ਪੀਰੀਅਡ ਵਿੱਚ ਅੰਗਰੇਜ਼ੀ ਵਿੱਚ ਗੱਲਬਾਤ ਕੀਤੀ ਜਾਵੇ, ਉਸ ਤੋਂ ਬਾਅਦ ਲਿਖਣਾ ਦੱਸਿਆ ਜਾਏ, ਬਾਅਦ ਵਿੱਚ ਅੰਗਰੇਜ਼ੀ ਭਾਸ਼ਾ ਦੀਆਂ ਕਵਿਤਾਵਾਂ ਦਾ ਉਚਾਰਨ ਕਰਵਾਇਆ ਜਾਏ। ਪਰ ਅਧਿਆਪਕ ਇਨ੍ਹਾਂ ਹਦਾਇਤਾਂ ਵੱਲ ਬਿਲਕੁਲ ਧਿਆਨ ਨਹੀਂ ਦਿੰਦੇ ਹਨ।

ਪੰਜ ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਸਰਵੇਖਣ ਤੋਂ ਬਾਅਦ ਉਪ੍ਰੋਕਤ ਗੱਲਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ। ਇਸ ਸਰਵੇਖਣ ਤੋਂ ਬਾਅਦ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਸੰਬੰਧੀ ਇਹ ਨਤੀਜਾ ਨਿਕਲਦਾ ਹੈ ਕਿ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ, ਪੰਜਾਬੀ ਭਾਸ਼ਾ ਦੇ ਅਧਆਪਨ ਦੇ ਮੁਕਾਬਲੇ ਬਹੁਤ ਪਛੜਿਆ ਹੈ।

ਹਫਤੇ 19 ਤੋਂ 28 ਤੱਕ ਪਾਠ ਪੜ੍ਹਾਏ ਜਾਣਗੇ।

ਜਨਵਰੀ:- 29 ਤੋਂ 36 ਤੱਕ ਪਾਠ ਪੜ੍ਹਾ ਜਾਣਗੇ।

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਕੀਤੇ ਗਏ ਸਿਲੇਬਸ ਦੀ ਵੰਡ ਮਹੀਨਿਆਂ ਅਤੇ ਹਫਤਿਆਂ ਵਿੱਚ ਕੀਤੀ ਗਈ ਹੈ। ਪਰ ਅਧਿਆਪਕ ਸਿਲੇਬਸ ਵੱਲ ਕੋਈ ਧਿਆਨ ਨਹੀਂ ਦਿੰਦੇ ਸਰਵੇਖਣ ਤੋਂ ਬਾਅਦ ਪਤਾ ਲੱਗਦਾ ਹੈ ਪਹਿਲੀ ਕਲਾਸ ਦੀ ਪਾਠ ਪੁਸਤਕ-1 ਦਾ ਪਾਠ 18 'ਮੁਹਾਰਨੀ' ਕਿਸੇ ਵੀ ਸਕੂਲ ਵਿੱਚ ਨਹੀਂ ਪੜ੍ਹਾਇਆ ਜਾਂਦਾ। ਸਿਲੇਬਸ ਬੱਚਿਆਂ ਦੀ ਰੁਚੀਆਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ ਜਿਸ ਵਿੱਚ ਰੂਪ ਪੱਖੋਂ ਕਹਾਣੀਆਂ, ਕਵਿਤਾਵਾਂ, ਬੁਝਾਰਤਾਂ ਆਦਿ ਸ਼ਾਮਿਲ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਹਫਤੇ ਤੇ ਮਹੀਨਿਆਂ ਦੇ ਨਾਂ, 1 ਤੋਂ 100 ਤੱਕ ਦੀ ਗਿਣਤੀ, ਲਗਾਂ-ਮਾਤਰਾਵਾਂ ਦੀ ਜਾਣਕਾਰੀ ਅਤੇ ਲੇਖ ਵੀ ਸ਼ਾਮਿਲ ਹਨ।

1.1.2 ਦੂਸਰੀ ਸ਼੍ਰੇਣੀ

ਦੂਸਰੀ ਸ਼੍ਰੇਣੀ ਦਾ ਸਿਲੇਬਸ ਹੇਠ ਲਿਖੇ ਅਨੁਸਾਰ ਹੈ:

ਪਹਿਲੀ ਟਰਮ

ਅਪ੍ਰੈਲ:- 1 ਤੋਂ 3 ਤੱਕ ਪਾਠ ਅਭਿਆਸ ਸਮੇਤ ਪੜ੍ਹਾਏ ਜਾਣ।

ਮਈ :- 4 ਤੋਂ 5 ਤੱਕ ਪਾਠ ਅਭਿਆਸ ਸਮੇਤ ਪੜ੍ਹਾਏ ਜਾਣ।

ਦੂਸਰੀ ਟਰਮ

ਜੁਲਾਈ:- ਤੀਸਰੇ ਅਤੇ ਚੌਥੇ ਹਫਤੇ 6 ਤੋਂ 9 ਤੱਕ ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਅਗਸਤ:- 10 ਤੋਂ 13 ਤੱਕ ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਤੀਸਰੀ ਟਰਮ

ਸਤੰਬਰ:- ਤੀਸਰੇ ਅਤੇ ਚੌਥੇ ਹਫਤੇ 14-15 ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਅਕਤੂਬਰ ਅਤੇ ਨੰਵਬਰ :- 16-21 ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਦਸੰਬਰ ਤੋਂ ਫਰਵਰੀ:- ਤਿੰਨਾਂ ਟਰਮਾਂ ਦੀ ਦੁਹਰਾਈ।

ਦੂਸਰੀ ਕਲਾਸ ਦੇ ਪੰਜਾਬੀ ਭਾਸ਼ਾ ਦੇ ਅਧਿਆਪਨ ਲਈ ਪੰਜਾਬੀ ਪੁਸਤਕ-2 ਲਗਾਈ ਗਈ ਹੈ ਇਸ ਵਿੱਚ ਵੀ ਕਹਾਣੀਆਂ, ਲੇਖ, ਕਵਿਤਾਵਾਂ ਆਦਿ ਰੂਪ ਵਿੱਚ ਸ਼ਾਮਿਲ ਕੀਤੇ ਗਏ ਹਨ।

1.1.3 ਤੀਸਰੀ ਸ਼੍ਰੇਣੀ

ਤੀਸਰੀ ਸ਼੍ਰੇਣੀ ਦਾ ਸਿਲੇਬਸ ਹੇਠ ਲਿਖੇ ਅਨੁਸਾਰ ਹੈ:-

ਅਪ੍ਰੈਲ :-1-3 ਤੱਕ ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਲੇਖ :- ਮੇਰਾ ਸਕੂਲ (8-10) ਵਾਕਾਂ ਵਿੱਚ)

ਮਈ:- 4-6 ਤੱਕ ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਲੇਖ:- ਮੇਰਾ ਬਸਤਾ (8-10 ਵਾਕਾਂ ਵਿੱਚ)

ਦੂਸਰੀ ਟਰਮ

ਜੁਲਾਈ:- ਤੀਸਰੇ ਅਤੇ ਚੌਥੇ ਹਫਤੇ 7-10 ਤੱਕ ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਅਗਸਤ:- 10-14 ਤੱਕ ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਲੇਖ:- ਮੇਰਾ ਅਧਿਆਪਕ (8-10 ਵਾਕਾਂ ਵਿੱਚ)

ਅਕਤੂਬਰ ਅਤੇ ਨੰਬਰ:- 17-23 ਤੱਕ ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਲੇਖ:- ਮੇਰਾ ਘਰ (8-10 ਵਾਕਾਂ ਵਿੱਚ)

ਤੀਸਰੀ ਕਲਾਸ ਦੇ ਪੰਜਾਬੀ ਭਾਸ਼ਾ ਦੇ ਅਧਿਆਪਨ ਲਈ ਪੰਜਾਬੀ ਪੁਸਤਕ-3 ਲਗਾਈ ਗਈ ਹੈ। ਇਸ ਪੁਸਤਕ ਵਿੱਚ ਰੂਪ ਦੇ ਪੱਖੋਂ ਤਿੰਨ ਤਰ੍ਹਾਂ ਦੇ ਪਾਠ ਹਨ:- ਕਵਿਤਾਵਾਂ, ਕਹਾਣੀਆਂ ਅਤੇ ਕਹਾਣੀ-ਨੁਮਾ ਲੇਖ। ਇਹ ਪਾਠ ਪੰਜਾਬੀ ਸਭਿਆਚਾਰ, ਰਾਸ਼ਟਰੀ ਭਾਵਨਾਵਾਂ, ਕੁਦਰਤੀ ਵਾਤਾਵਰਨ ਅਤੇ ਨੈਤਿਕ ਕਦਰਾਂ ਕੀਮਤਾਂ ਨਾਲ ਸਬੰਧਿਤ ਹਨ।

1.1.4 ਚੌਥੀ ਸ਼੍ਰੇਣੀ

ਚੌਥੀ ਸ਼੍ਰੇਣੀ ਦਾ ਸਿਲੇਬਸ ਹੇਠ ਲਿਖੇ ਅਨੁਸਾਰ ਹੈ:-

ਪਹਿਲੀ ਟਰਮ

ਅਪ੍ਰੈਲ:- 1-5 ਤੱਕ ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਲੇਖ:- ਮੇਰੀ ਕਿਤਾਬ, ਸਾਡਾ ਪਿੰਡ/ਸ਼ਹਿਰ (10-15 ਵਾਕ)

ਬਿਨੈ ਪੱਤਰ:- ਜ਼ਰੂਰੀ ਕੰਮ ਲਈ ਛੁੱਟੀ ਲੈਣ ਲਈ।

ਮਈ:- 7-9 ਤੱਕ ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਲੇਖ:- ਗਾਂ (10-15 ਵਾਕ)

ਬਿਨੈ ਪੱਤਰ:- ਬਿਮਾਰੀ ਦੀ ਛੁੱਟੀ ਲੈਣ ਲਈ।

ਦੂਸਰੀ ਟਰਮ

ਜੁਲਾਈ:- ਤੀਸਰੇ ਅਤੇ ਚੌਥੇ ਹਫਤੇ 10-13 ਤੱਕ ਪਾਠ ਅਭਿਆਸ ਸਮੇਤ।

ਲੇਖ:- ਦੁਸਹਿਰਾ (10-15 ਵਾਕ)

ਬਿਨੈ ਪੱਤਰ:- ਫੀਸ ਮੁਆਫੀ ਲਈ।

ਅਗਸਤ :- 14-17 ਤੱਕ ਪਾਠ ਅਭਿਆਸ ਸਮੇਤ।

ਲੇਖ:- ਦਿਵਾਲੀ, ਡਾਕੀਆ (10-15 ਵਾਕ)

ਬਿਨੈ ਪੱਤਰ:- ਭੈਣ/ਭਰਾ ਦੇ ਵਿਆਹ ਵਿੱਚ ਸ਼ਾਮਿਲ ਹੋਣ ਦੀ ਛੁੱਟੀ ਲਈ।

ਤੀਸਰੀ ਟਰਮ

ਸਤੰਬਰ-ਅਕਬੂਲਰ:- 18-22 ਤੱਕ ਪਾਠ ਅਭਿਆਸ ਸਮੇਤ।

ਲੇਖ:- ਕਿਸੇ ਰੁੱਤ ਬਾਰੇ (ਵਰਖਾ ਰੁੱਤ), ਸ. ਭਗਤ ਸਿੰਘ (10-15 ਵਾਕ)

ਬਿਨੈ ਪੱਤਰ:- ਸਰਟੀਫਿਕੇਟ ਲੈਣ ਲਈ।

ਪੱਤਰ:- ਜਨਮ ਦਿਨ ਦੇ ਭੇਜੇ ਤੋਹਫੇ ਲਈ ਧੰਨਵਾਦ ਪੱਤਰ।

ਨਵੰਬਰ-ਦਸੰਬਰ:- 23-24 ਤੱਕ ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਲੇਖਾਂ ਦੀ ਦੁਹਰਾਈ।

ਬਿਨੈ ਪੱਤਰਾਂ ਦੀ ਦੁਹਰਾਈ।

ਜਨਵਰੀ-ਫਰਵਰੀ:-ਤਿੰਨਾਂ ਟਰਮਾਂ ਦੀ ਦੁਹਰਾਈ।

ਚੌਥੀ ਕਲਾਸ ਦੇ ਪੰਜਾਬੀ ਭਾਸ਼ਾ ਦੇ ਅਧਿਆਪਨ ਲਈ ਪੰਜਾਬੀ ਪਾਠ ਪੁਸਤਕ-4 ਲਗਾਈ ਗਈ ਹੈ। ਪਾਠ ਪੁਸਤਕ ਵਿੱਚ ਕਹਾਣੀਆਂ, ਲੇਖ, ਕਹਾਣੀ ਨੁਮਾ ਲੇਖ, ਕਵਿਤਾਵਾਂ ਆਦਿ ਸ਼ਾਮਿਲ ਹਨ।

1.1.5 ਪੰਜਵੀਂ ਸ਼੍ਰੇਣੀ

ਪੰਜਵੀਂ ਸ਼੍ਰੇਣੀ ਦਾ ਸਿਲੇਬਸ ਹੇਠ ਲਿਖੇ ਅਨੁਸਾਰ ਹੈ:-

ਪਹਿਲੀ ਟਰਮ

ਅਪ੍ਰੈਲ:- 1-4 ਤੱਕ ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਲੇਖ:- ਮੇਰਾ ਬਸਤਾ, ਮੇਰੀ ਕਿਤਾਬ (15-20)

ਬਿਨੈ ਪੱਤਰ:- ਬਿਮਾਰੀ/ਜ਼ਰੂਰੀ ਕੰਮ ਦੀ ਛੁੱਟੀ ਲੈਣ ਲਈ।

ਕਹਾਣੀ:- ਪਿਆਸ਼ਾ ਕਾਂ (10-12 ਵਾਕ)

ਮਈ:- 5-6 ਤੱਕ ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਲੇਖ:- ਮੇਰਾ ਸਕੂਲ, ਸਾਡਾ ਪਿੰਡ/ਸ਼ਹਿਰ (15-20 ਵਾਕ)

ਦੂਸਰੀ ਟਰਮ

ਜੁਲਾਈ:- ਤੀਸਰੇ ਚੌਥੇ ਹਫਤੇ 7-8 ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਲੇਖ:- ਮੇਰਾ ਅਧਿਆਪਕ, ਮੇਰਾ ਮਿੱਤਰ (15-20 ਵਾਕ)

ਕਹਾਣੀ:- ਲਾਲਚੀ ਕੁੱਤਾ (10-12 ਵਾਕ)

ਅਗਸਤ:- 9-13 ਤੱਕ ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਲੇਖ:- ਡਾਕੀਆ, ਚੌਂਕੀਦਾਰ (15-20 ਵਾਕ)

ਕਹਾਣੀ:- ਸੱਚਾ ਮਿੱਤਰ (10-12 ਵਾਕ)

ਬਿਨੈ ਪੱਤਰ:- ਫੀਸ ਮੁਆਫੀ/ਜੁਰਮਾਨਾ ਮੁਆਫੀ ਲਈ।

ਤੀਸਰੀ ਟਰਮ

ਸਤੰਬਰ:- 14-15 ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਕਹਾਣੀ:- ਬੁਰੀ ਸੰਗਤ (10-12 ਵਾਕ)

ਅਕਤੂਬਰ:- 16-19 ਪਾਠ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਲੇਖ:- ਦੁਸਹਿਰਾ, ਦਿਵਾਲੀ (15-20 ਵਾਕ)

ਕਹਾਣੀ:- ਲੂੰਬੜੀ ਅਤੇ ਅੰਗੂਰ (10-12)

ਬਿਨੈ ਪੱਤਰ:- ਮੈਚ ਖੇਡਣ ਦੀ ਆਗਿਆ ਲਈ।

ਪੱਤਰ:- ਆਪਣੇ ਪਿਤਾ ਤੋਂ ਪੈਸੇ ਮੰਗਵਾਉਣ ਲਈ।

ਨਵੰਬਰ :- 20-25 ਤੱਕ ਪਾਠ ਅਭਿਆਸ ਸਮੇਤ ਪੜ੍ਹਾਏ ਜਾਮਗੇ।

ਲੇਖ:- ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਗੁਰੂ ਗੋਬਿੰਦ ਸਿੰਘ (15-20 ਵਾਕ)

ਪੱਤਰ:- ਮਾਮਾ ਜੀ/ਚਾਚਾ ਜੀ ਨੂੰ ਜਨਮ ਦਿਨ ਤੇ ਤੋਹਫੇ ਲਈ ਧੰਨਵਾਦ।
ਦਸੰਬਰ-ਜਨਵਰੀ:- ਤਿੰਨਾਂ ਟਰਮਾਂ ਦੀ ਦੁਹਰਾਈ।

ਪੰਜਵੀਂ ਕਲਾਸ ਦੇ ਪੰਜਾਬੀ ਭਾਸ਼ਾ ਦੇ ਅਧਿਆਪਨ ਲਈ ਪੰਜਾਬੀ ਪਾਠ ਪੁਸਤਕ-5 ਲਗਾਈ ਗਈ ਹੈ। ਇਸ ਪਾਠ ਪੁਸਤਕ ਵਿੱਚ ਸਾਮਿਲ ਕੀਤੇ ਪਾਠ ਵਿਸ਼ਾ ਵਸਤੂ ਪੱਖੋਂ ਵਿਦਿਆਰਥੀ ਦੇ ਸਰੀਰਕ ਅਤੇ ਮਾਨਸਿਕ ਵਿਕਾਸ, ਸਮਾਜਿਕ ਤੇ ਪ੍ਰਕਿਰਤਿਕ ਵਾਤਾਵਰਨ ਅਤੇ ਜੀਵਨ ਕਦਰਾਂ ਨਾਲ ਸਬੰਧਤ ਹਨ। ਪੁਸਤਕ ਵਿੱਚ ਚਾਰ ਤਰ੍ਹਾਂ ਦੇ ਪਾਠ ਸ਼ਾਮਿਲ ਹਨ :- ਕਵਿਤਾਵਾਂ, ਕਹਾਣੀਆਂ, ਚਿੱਠੀ ਅਤੇ ਕਹਾਣੀ-ਨੁਮਾ ਲੇਖ। ਕਈ ਕਵਿਤਾਵਾਂ ਵਿੱਚ ਵੀ ਕਹਾਣੀਆਂ ਹਨ।

1.2 ਸਮਾਂ ਸਾਰਣੀ

ਪੰਜਾਬੀ ਭਾਸ਼ਾ ਦੇ ਅਧਿਆਪਨ ਲਈ ਇੱਕ ਪੀਰੀਅਡ (35 ਮਿੰਟ) ਰੋਜ਼ਾਨਾ ਨਿਸ਼ਚਿਤ ਕੀਤਾ ਗਿਆ ਹੈ। ਹਫਤੇ ਦੇ ਪਿਛਲੇ ਦੋ ਦਿਨ ਸ਼ੁੱਕਰਵਾਰ, ਸ਼ਨਿੱਚਰਵਾਰ ਦੋ-ਦੋ ਪੀਰੀਅਡ ਨਿਸ਼ਚਿਤ ਕੀਤੇ ਗਏ ਹਨ। ਜਦ ਸਕੂਲਾਂ ਦਾ ਸਰਵੇਖਣ ਕੀਤਾ ਗਿਆ ਤਾਂ ਪੰਜਾਬੀ ਭਾਸ਼ਾ ਦਾ ਅਧਿਆਪਨ ਸਮਾਂ-ਸਾਰਣੀ ਦੇ ਅਨੁਸਾਰ ਨਹੀਂ ਹੁੰਦਾ। ਅਧਿਆਪਕਾਂ ਦਾ ਕਹਿਣਾ ਹੈ ਜਦੋਂ ਸਮਾਂ ਮਿਲੇ ਤਾਂ ਪੜ੍ਹਾ ਦਿੱਤਾ ਜਾਂਦਾ ਹੈ। ਪੰਜ ਸਕੂਲਾਂ ਵਿੱਚੋਂ ਚਾਰ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਹੈ। ਅਧਿਆਪਕਾਂ ਦੀ ਕਮੀ ਹੋਣ ਕਰਕੇ ਸਮਾਂ-ਸਾਰਣੀ ਦੇ ਅਨਸਾਰ ਨਹੀਂ ਪੜ੍ਹਾਇਆ ਜਾਂਦਾ।

1.3 ਅਧਿਆਪਕਾਂ ਦੀ ਗਿਣਤੀ ਤੇ ਵਿਦਿਅਕ ਯੋਗਤਾ

ਇਸ ਸਕੂਲ ਵਿੱਚ ਚਾਰ ਅਧਿਆਪਕ ਪੰਜ ਕਲਾਸਾਂ ਨੂੰ ਪੜ੍ਹਾ ਰਹੇ ਹਨ ਅਤੇ ਉਨ੍ਹਾਂ ਦੀ ਵਿਦਿਅਕ ਯੋਗਤਾ ਇਹ ਪ੍ਰਕਾਰ ਹੈ:-

ਸਰਕਾਰੀ ਐਲੀਮੈਂਟਰੀ ਸਕੂਲ ਮਾਣਕ ਢੇਰੀ

| ਕਲਾਸ ਨੰ. | ਵਿਦਿਅਕ ਯੋਗਤਾ |
|---|---|
| ਪਹਿਲੀ | ਜੇ.ਬੀ.ਟੀ |
| ਦੂਸਰੀ | ਜੇ.ਬੀ.ਜੀ.,ਐਮ.ਏ.ਬੀ.ਐੱਡ |
| ਤੀਸਰੀ | ਜੇ.ਬੀ.ਟੀ. (ਦੂਸਰੀ ਕਲਾਸ ਦਾ ਅਧਿਆਪਕ ਪੜ੍ਹਾ ਰਿਹਾ ਹੈ। |
| ਚੌਥੀ | ਐਮ.ਏ., ਬੀ.ਐੱਡ |
| ਪੰਜਵੀਂ | ਜੇ.ਬੀ.ਟੀ. |

ਸਰਕਾਰੀ ਐਲੀਮੈਂਟਰੀ ਸਕੂਲ ਸ਼ਰਿਸ਼ਤਪੁਰ

ਸਰਕਾਰੀ ਐਲੀਮੈਂਟਰੀ ਸਕੂਲ ਸ਼ਰਿਸ਼ਤਪੁਰ ਵਿੱਚ ਸਿਰਫ ਤਿੰਨ ਅਧਿਆਪਕ ਹਨ। ਇਹ ਤਿੰਨ ਅਧਿਆਪਕ ਪੰਜ ਕਲਾਸਾਂ ਨੂੰ ਪੜ੍ਹਾ ਰਹੇ ਹਨ। ਇਨ੍ਹਾਂ ਅਧਿਆਪਕਾਂ ਦੀ ਵਿਦਿਅਕ ਯੋਗਤਾ ਹੇਠ ਲਿਖੇ ਅਨੁਸਾਰ ਹੈ:-

ਕਲਾਸ ਨੰ. ਵਿਦਿਅਕ ਯੋਗਤਾ

| | |
|---|---|
| ਪਹਿਲੀ | ਜੇ.ਬੀ.ਟੀ. |
| ਦੂਸਰੀ | ਜੇ.ਬੀ.ਟੀ. (ਪਹਿਲੀ ਕਲਾਸ ਦਾ ਅਧਿਆਪਕ ਹੀ ਪੜ੍ਹਾ ਰਿਹਾ ਹੈ) |
| ਤੀਸਰੀ | ਜੇ.ਬੀ.ਟੀ. |
| ਚੌਥੀ | ਜੇ.ਬੀ.ਟੀ. (ਤੀਸਰੀ ਕਲਾਸ ਦਾ ਅਧਿਆਪਕ ਹੀ ਪੜ੍ਹਾ ਰਿਹਾ ਹੈ) |
| ਪੰਜਵੀਂ | ਜੇ.ਬੀ.ਟੀ |

ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ

ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ ਵਿੱਚ ਪੰਜ ਕਲਾਸਾਂ ਨੂੰ ਸਿਰਫ ਇੱਕ ਅਧਿਆਪਕ ਹੀ ਪੜ੍ਹਾ ਰਿਹਾ ਹੈ। ਅਧਿਆਪਕ ਦੀ ਵਿਦਿਅਕ ਯੋਗਤਾ ਜੇ.ਬੀ.ਟੀ+ਗਿਆਨੀ ਹੈ।

ਸਰਕਾਰੀ ਐਲੀਮੈਂਟਰੀ ਸਕੂਲ ਰਾਸਤਗੋ

ਸਰਕਾਰੀ ਐਲੀਮੈਂਟਰੀ ਸਕੂਲ ਰਾਸਤਗੋ ਵਿੱਚ ਪੰਜ ਕਲਾਸਾਂ ਨੂੰ ਪੰਜ ਅਧਿਆਪਕ ਪੜ੍ਹਾ ਰਹੇ ਹਨ। ਪੰਜ ਅਧਿਆਪਕਾਂ ਦੀ ਵਿਦਿਅਕ ਯੋਗਤਾ ਹੇਠ ਲਿਖੇ ਅਨੁਸਾਰ ਹੈ:-

| ਕਲਾਸ ਨੰ. | ਵਿਦਿਅਕ ਯੋਗਤਾ |
|---|---|
| ਪਹਿਲੀ | ਜੇ.ਬੀ.ਟੀ |
| ਦੂਸਰੀ | ਜੇ.ਬੀ.ਟੀ. |
| ਤੀਸਰੀ | ਜੇ.ਬੀ.ਟੀ. |
| ਚੌਥੀ | ਐਮ:.ਏ.+ਬੀ.ਐੱਡ |
| ਪੰਜਵੀਂ | ਜੇ.ਬੀ.ਟੀ. |

ਸਰਕਾਰੀ ਐਲੀਮੈਂਟਰੀ ਸਕੂਲ ਮਾਧੋਪੁਰ

ਸਰਕਾਰੀ ਐਲੀਮੈਂਟਰੀ ਮਾਦੋਪੁਰ ਵਿੱਚ ਪੰਜ ਕਲਾਸਾਂ ਨੂੰ ਤਿੰਨ ਅਧਿਆਪਕ ਪੜ੍ਹਾ ਰਹੇ ਹਨ। ਇਨ੍ਹਾਂ ਅਧਿਆਪਕਾਂ ਦੀ ਵਿਦਿਅਕ ਯੋਗਤਾ ਹੇਠ ਲਿਖੇ ਅਨੁਸਾਰ ਹੈ:-

| ਕਲਾਸ ਨੰ. | ਵਿਦਿਅਕ ਯੋਗਤਾ |
|---|---|
| ਪਹਿਲੀ | ਜੇ.ਬੀ.ਟੀ |
| ਦੂਸਰੀ | ਜੇ.ਬੀ.ਟੀ (ਪਹਿਲੀ ਕਲਾਸ ਦਾ ਅਧਿਆਪਕ ਹੀ ਪੜ੍ਹਾ ਰਿਹਾ ਹੈ) |
| ਤੀਸਰੀ | ਜੇ.ਬੀ.ਟੀ. |
| ਚੌਥੀ | ਜੇ.ਬੀ.ਟੀ (ਤੀਸਰੀ ਕਲਾਸ ਦਾ ਅਧਿਆਪਕ ਹੀ ਪੜ੍ਹਾ ਰਿਹਾ ਹੈ) |

ਉਪ੍ਰੋਕਤ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਪਾਈ ਜਾਂਦੀ ਹੈ। ਸਿਰਫ ਸਰਕਾਰੀ ਐਲੀਮੈਂਟਰੀ ਸਕੂਲ ਰਾਸਤਗੋ ਵਿੱਚ ਹੀ ਪੰਜ ਅਧਿਆਪਕ ਹਨ।

1.4 ਪੰਜਾਬੀ ਭਾਸ਼ਾ ਦੇ ਅਧਿਆਪਨ ਦੀਆਂ ਵਿਧੀਆਂ:-

ਪੰਜਾਬੀ ਭਾਸ਼ਾ ਦੇ ਅਧਿਆਪਨ ਵਿੱਚ ਸਭ ਤੋਂ ਪਹਿਲਾ ਬੱਚੇ ਨੂੰ ਅੱਖਰ ਬੋਧ ਰਾਹੀਂ ਅੱਖਰਾਂ ਦੀ ਜਾਣਕਾਰੀ ਦਿੱਤੀ ਜਾਵੇ। ਬੱਚਿਆਂ ਨੂੰ ਅੱਖਰ ਲਿਖਣੇ ਸਿਖਾਉਣ ਤੋਂ ਪਹਿਲਾਂ ਆਲੇਖਣ ਵਿਧੀ ਸਿਖਾਈ ਜਾਣੀ ਚਾਹੀਦੀ ਹੈ। ਜਿਵੇਂ:-

–, l,

ਆਲੇਖਣ ਲਈ ਅਧਿਆਪਕ ਉੱਪਰ ਦਿੱਤੇ ਚਿੰਨਾਂ ਨੂੰ ਨਹੀਂ ਸਿਖਾਉਂਦੇ ਹਨ। ਉਹ ਸਿਰਫ ਤਿੰਨ ਪ੍ਰਕਾਰ ਦੀਆਂ ਲਕੀਰਾਂ ਹੀ ਖਿਚਣੀਆਂ ਸਿਖਾ ਸਕਦੇ ਹਨ ਕਿਉਂਕਿ ਅੱਖਰ ਲਿਖਣ ਲਈ ਤਿੰਨ ਕਿਸਮ ਦੀਆਂ ਲਕੀਰਾਂ ਦੀ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ। ਜਿਵੇਂ:-

| | |
|---|---|
| - | Horzontal line (link line) |
| l | Vertical Line |
| 0 | ਗੋਲਾਈਆਂ (Circle) |

ਜਦੋਂ ਬੱਚਿਆਂ ਨੂੰ ਲਕੀਰਾਂ ਬਣਾਉਣੀਆਂ ਸਿੱਖਾ ਦਿੱਤੀਆਂ ਜਾਂਦੀਆਂ ਹਨ ਤਾਂ ਬੱਚੇ ਅੱਖਰਾਂ ਬਣਤਰ ਸੌਖ ਨਾਲ ਬਣਾ ਸਕਦੇ ਹਨ। ਗੁਰਮੁਖੀ ਵਿੱਚ ਸਮਾਨ ਬਣਤਰ ਅੱਖਰਾਂ ਵਾਲੇ ਅੱਖਰਾਂ ਦੇ ਸਮੂਹ ਬਣਾ ਕੇ ਫਿਰ ਲਿਖਣੇ ਸਿਖਾਉਣੇ ਚਾਹੀਦੇ ਹਨ। ਜਿਵੇਂ:-

1. ਹ ਰ ਗ
2. ਮ. ਸ. ਸ਼. ਅ
3. ਪ ਖ ਧ ਥ ਘ ਯ
4. ਤ ਡ ੜ ੳ ੳ ੳ
5. ਟ ਫ ੲ ਣ
6. ਦ ਢ ਚ
7. ਵ ੲ ਛ
8. ਨ ਠ ਲ
9. ਜ ਜ਼
10 ਕ ਙ ਝ

ਪੰਜਾਬੀ ਵਰਨਮਾਲਾ ਦੇ ਪੈਂਤੀ ਅੱਖਰਾਂ ਤੋਂ ਬਾਅਦ ਪੰਜਾਬੀ ਵਰਨਮਾਲਾ ਦੇ ਅੱਖਰ ਜੋੜ ਕੇ ਸ਼ਬਦ ਬਣਾਉਣੇ ਸਿਕਾਏ ਜਾਂਦੇ ਹਨ। ਜਿਵੇਂ:-

ਹ+ਰ= ਹਰ

ਹ+ਸ = ਹਸ

ਮ+ਰ = ਮਰ

ਇਸ ਤੋਂ ਬਾਅਦ ਬੱਚਿਆਂ ਨੂੰ ਲਗਾਂ ਮਾਤਰਾ ਸਿਖਾਈਆਂ ਜਾਂਦੀਆਂ ਹਨ ਅਤੇ ਫਿਰ ਪਾਠ ਪੜ੍ਹਨੇ ਸਿਖਾਏ ਜਾਂਦੇ ਹਨ। ਦੂਸਰੀ ਕਲਾਸ ਤੋਂ ਲੈ ਕੇ ਪੰਜਵੀਂ ਕਲਾਸ ਤੱਕ

ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਦਾ ਅਧਿਆਪਨ ਚਾਰ ਪੜਾਵਾਂ ਵਿੱਚ ਕਰਵਾਉਣ ਲਈ ਕਿਹਾ ਗਿਆ ਹੈ। ਜਿਵੇਂ:-

**ਪਹਿਲਾ ਪੜਾਅ:**

ਪਹਿਲੇ ਪੜਾਅ ਵਿੱਚ ਪੜ੍ਹਨਾ ਸ਼ਾਮਿਲ ਹੈ ਜਿਵੇਂ:-

* ਬੱਚੇ ਸਹੀ ਉਚਾਰਨ, ਵਿਸ਼ਰਾਮ ਚਿੰਨ੍ਹਾਂ, ਦੀ ਵਰਤੋਂ, ਅਤੇ ਧੁਨੀ ਉਚਾਰਨ ਪ੍ਰਤੀ ਪੂਰੀ ਸਾਵਧਾਨੀ ਵਰਤਦਿਆਂ ਹੋਇਆਂ ਪੜ੍ਹ ਸਕੇ।
* ਬੱਚਾ ਚੁੱਪ-ਚਾਪ ਮੂੰਹ ਵਿੱਚ ਰਚਨਾਵਾਂ ਪੜ੍ਹੇ।
* ਪੰਜਾਬੀ ਦੇ ਸ਼ਬਦ-ਕੋਸ਼ ਦੀ ਵਰਤੋਂ ਸਿਖਾਉਣਾ।

ਦੂਸਰਾ ਪੜਾਅ:

ਦਸੂਰੇ ਪੜਾਅ ਵਿੱਚ ਗ੍ਰਹਿਣ ਕਰਨਾ ਹੈ ਜੋ ਬੱਚਾ ਸੁਣ ਕੇ ਜਾਂ ਪੜ੍ਹ ਕੇ ਕਰਦਾ ਹੈ। ਬੱਚਾ ਅਧਿਆਪਕ ਦੁਆਰਾ ਪੜ੍ਹੇ ਗਏ ਪਾਠ ਨੂੰ ਸੁਣ ਕੇ ਸਮਝ ਸਕੇ ਅਤੇ ਸ਼੍ਰੇਣੀ ਵਿੱਚ ਸੁਣਾਏ। ਕਹਾਣੀਆਂ, ਕਵਿਤਾਵਾਂ, ਬੁਝਾਰਤਾਂ ਵੀ ਸੁਣ ਕੇ ਗ੍ਰਹਿਣ ਕਰ ਸਕਦਾ ਹੈ।

ਤੀਸਰਾ ਪੜਾਅ:

ਤੀਸਰੇ ਪੜਾਅ ਵਿੱਚ ਪ੍ਰਗਟਾਅ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਵਿੱਚ ਮੌਖਿਕ ਵਿਧੀ ਦੁਆਰਾ ਪੜ੍ਹਾਉਣ ਲਈ ਕਿਹਾ ਗਿਆ ਹੈ ਜਿਵੇਂ:- ਪਾਠ ਪੜ੍ਹਾ ਕੇ ਬੱਚਿਆਂ ਤੋਂ ਪ੍ਰਸ਼ਨਾਂ ਦੇ ਉੱਤਰ ਪੁੱਛਣੇ, ਕਵਿਤਾਵਾਂ ਯਾਦ ਕਰਕੇ ਗਾਉਣੀਆਂ ਆਦਿ।

ਚੌਥਾ ਪੜਾਅ:-

ਚੌਥੇ ਪੜਾਅ ਵਿੱਚ ਲਿਖਤੀ ਰਚਨਾ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਵੇਂ ਅਧਿਆਪਕ ਦੁਆਰਾ ਬੋਲ ਕੇ ਲਿਖਾਉਣਾ, ਬੱਚਾ ਲੇਖ ਲਿਖ ਸਕੇ, ਸੰਕੇਤਾਂ ਤੇ ਅਧਾਰਿਤ ਕਹਾਣੀ ਲਿਖ ਸਕੇ ਆਦਿ।

1.5 ਅਧਿਆਪਕ ਕਿਸ ਤਰ੍ਹਾਂ ਪੜ੍ਹਾ ਰਹੇ ਹਨ?

ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਅਧਿਆਪਕ ਪੰਜਾਬੀ ਭਾਸ਼ਾ ਦਾ ਅਧਿਆਪਨ ਉਪ੍ਰੋਕਤ ਦਿੱਤੀਆਂ ਗਈਆਂ ਵਿਧੀਆਂ ਅਨੁਸਾਰ ਨਹੀਂ ਕਰਵਾਉਂਦੇ। ਪਹਿਲੀ ਕਲਾਸ ਨੂੰ ਅਧਿਆਪਕ ਵਰਨਮਾਲਾ ਦੇ ਪੈਂਤੀ ਅੱਖਰਾਂ ਦੀ ਬਣਤਰ ਵਿੱਚ ਸਭ ਤੋਂ ਪਹਿਲਾਂ 'ੳ', 'ਅ' ਕ੍ਰਮਵਾਰ ਬਣਾਉਣੇ ਸਿਖਾਉਂਦੇ ਹਨ। ਬੱਚਿਆਂ ਨੂੰ ਆਲੇਖਣ ਦੀ ਜਾਣਕਾਰੀ ਨਹੀਂ ਦਿੱਤੀ ਜਾਂਦੀ ਹੈ। ਬੱਚੇ ਲਗਾਂ ਮਾਤਰਾ ਦੀ ਵਰਤੋਂ ਕਿਸ ਤਰ੍ਹਾਂ ਕਰਦੇ ਹਨ, ਅਧਿਆਪਕ ਧਿਆਨ ਨਹੀਂ ਦਿੰਦੇ। ਜਿਵੇਂ:- ਕੰਨਾ (ਾ) ਮਾਤਰਾ ਦੀ ਬਣਤਰ ਬੱਚੇ ਹੇਠ ਲਿਖੇ ਅਨੁਸਾਰ ਬਣਾ ਰਹੇ:-

| | |
|---|---|
| ਰਾਮ | ਗਮ |
| ਸਾਰਾ | ਸਾਗ |
| ਰਾਜ | ਗਜ |

ਕੰਨਾ (ਾ) ਮਾਤਰਾ ਦੀ ਗਲਤ ਵਰਤੋਂ ਨਾਲ ਸ਼ਬਦਾਂ ਦੇ ਅਰਥਾਂ ਵਿੱਚ ਫਰਕ ਪੈ ਰਿਹਾ ਹੈ। ਅਭਿਆਸ ਦੇ ਪ੍ਰਸਨ-ਉੱਤਰ ਜ਼ਿਆਦਾਤਰ ਗਾਈਡਾਂ ਤੋਂ ਹੀ ਕਰ ਰਹੇ ਹਨ।

ਬੱਚਿਆਂ ਨੂੰ ਕਵਿਤਾਵਾਂ ਯਾਦ ਕਰਨ ਲਈ ਨਹੀਂ ਕਿਹਾ ਜਾਂਦਾ। ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦਾ ਅਧਿਆਪਨ ਵਿਧੀ ਪੂਰਵਕ ਨਹੀਂ ਕਰਵਾਇਆ ਜਾਂਦਾ।

1.6 ਸਹਾਇਕ ਸਮੱਗਰੀ

ਪੰਜਾਬੀ ਭਾਸ਼ਾ ਦੇ ਅਧਿਆਪਨ ਲਈ ਵੀ ਕਈ ਪ੍ਰਕਾਰ ਦੀ ਸਹਾਇਕ ਸਮੱਗਰੀ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ:- ਚਾਰਟ, ਮਾਡਲ, ਤਸਵੀਰਾਂ ਆਦਿ। ਵਰਨਮਾਲਾ ਦੇ ਪੈਂਤੀ ਅੱਖਰਾਂ ਦੀ ਜਾਣਕਾਰੀ ਦੇਣ ਲਈ ਚਾਰਟ ਦੀ ਵਰਤੋਂ ਕੀਤੀ ਜਾਂਦੀ ਹੈ। ਚਾਰਟ ਉੱਪਰ ਤੇ ਵਰਨਮਾਲਾ ਦੇ ਪੈਂਤੀ ਅੱਖਰ ਤਸਵੀਰਾਂ ਸਮੇਤ ਲਿਖੇ ਹੁੰਦੇ ਹਨ। ਅਧਿਆਪਕ ਪਹਿਲਾਂ ਚਾਰਟ ਤੋਂ ਬੱਚਿਆਂ ਨੂੰ ਆਪ ਪੜ੍ਹਾਉਂਦੇ ਹਨ ਫਿਰ ਇੱਕ-ਇੱਕ ਬੱਚੇ ਤੋਂ ਰੋਜ਼ਾਨਾ ਚਾਰਟ ਪੜ੍ਹਵਾਇਆ ਜਾਂਦਾ ਹੈ। ਬੱਚਿਆਂ ਨੂੰ ਸਰੀਰ ਦੇ ਅੰਗਾਂ ਦੀ ਜਾਣਕਾਰੀ ਦੇਣ ਲਈ ਵੀ ਚਾਰਟ ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬੀ ਪੁਸਤਕ-1 ਵਿੱਚ ਪਾਠ ਨੰ. 36 ਵਿੱਚ ਦਿੱਤੀਆਂ ਗਈਆਂ ਤਸਵੀਰਾਂ ਚੌਰਸ, ਗੋਲ, ਤਿਕੋਣ ਦੀ ਜਾਣਕਾਰੀ ਦੇਣ ਲਈ ਬੱਚੇ ਨੂੰ ਮਾਡਲ ਦਿਖਾਏ ਜਾਂਦੇ ਹਨ।

ਪ੍ਰੀਖਿਆ

ਸਿਲੇਬਸ ਵਿੱਚ ਦਿੱਤੇ ਅਨੁਸਾਰ ਸਾਲ ਦਾ ਸਿਲੇਬਸ ਵਿੱਚ ਤਿੰਨ ਟਰਮਾਂ ਵਿੱਚ ਵੰਡਿਆ ਗਿਆ ਹੈ ਅਤੇ ਹਰ ਟਰਮ ਦੇ ਅਖੀਰ ਵਿੱਚ ਬੱਚਿਆਂ ਨੂੰ ਪੜ੍ਹਾਏ ਗਏ ਸਿਲੇਬਸ ਦੀ ਦੁਹਰਾਈ ਕਰਵਾ ਕੇ ਪ੍ਰੀਖਿਆ ਲੈਣ ਲਈ ਕਿਹਾ ਗਿਆ ਹੈ। ਸਾਲਾਨਾ ਪ੍ਰੀਖਿਆ ਲੈਣ ਤੋਂ ਪਹਿਲਾਂ ਅਧਿਆਪਕ ਨਮੂਨੇ ਦੇ ਪ੍ਰਸ਼ਨ-ਪੱਤਰ ਤਿਆਰ ਕਰਕੇ ਦੁਹਰਾਈ ਕਰਾਉਣ। ਇਸ ਤੋਂ ਇਲਾਵਾ ਅਧਿਆਪਕ ਬੱਚਿਆਂ ਦੇ ਕਲਾਸ ਟੈਸਟ ਬਹੁਤ ਹੀ ਘੱਟ ਲੈਂਦੇ ਹਨ। ਕਿਉਂਕਿ ਜ਼ਿਆਦਾਤਰ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਪਾਈ ਜਾਂਦੀ ਹੈ।

ਇਸ ਤਰ੍ਹਾਂ ਪੰਜਾਬੀ ਭਾਸ਼ਾ ਦੇ ਅਧਿਆਪਨ ਵਿੱਚ ਉਪੋਕਤ ਦਿੱਤੀਆਂ ਗਈਆਂ ਗੱਲਾਂ ਸ਼ਾਮਿਲ ਹਨ ਜਿਨ੍ਹਾਂ ਦੇ ਮੁਕਾਬਲੇ ਜੇਕਰ ਸਰਵੇਖਣ ਦੇਖਿਆ ਜਾਏ ਤਾਂ ਪੰਜਾਬੀ ਭਾਸ਼ਾ ਦਾ ਅਧਿਆਪਨ ਪਛੜਿਆ ਹੈ।

2. ਅੰਗਰੇਜ਼ੀ ਭਾਸ਼ਾ ਦਾ ਅਧਿਆਪਨ

ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਦਾ ਜਾਇਜ਼ਾ ਲੈਣ ਲਈ ਵੀ ਦੋ ਜ਼ਿਲ੍ਹਿਆਂ (ਜਲੰਧਰ, ਹੁਸ਼ਿਆਰਪੁਰ) ਦੇ ਪੰਜ ਸਰਕਾਰੀ ਐਲੀਮੈਂਟਰੀ ਸਕੂਲਾਂ ਦਾ ਸਰਵੇਖਣ ਕੀਤਾ ਗਿਆ ਹੈ। ਇਸ ਸਰਵੇਖਣ ਤੋਂ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਸਬੰਧੀ ਹੇਠ ਲਿਖੀਆਂ ਗੱਲਾਂ ਸਾਹਮਣੇ ਆਉਂਦੀਆਂ ਹਨ:-

2.1 ਸਿਲੇਬਸ

2.1.1 ਪਹਿਲੀ ਸ਼੍ਰੇਣੀ

ਅੰਗਰੇਜ਼ੀ ਭਾਸ਼ਾ ਦੇ ਸਿਲੇਬਸ ਦੀ ਵੰਡ ਵੀ ਮਹੀਨਿਆਂ ਅਤੇ ਹਫਤਿਆਂ ਵਿੱਚ ਕੀਤੀ ਗਈ ਹੈ ਜਿਵੇਂ:-

ਪਹਿਲੀ ਟਰਮ

ਅਪ੍ਰੈਲ-ਮਈ:- ਪਾਠ-1 ਪੜ੍ਹਾਇਆ ਜਾਵੇਗਾ।

ਦੂਸਰੀ ਟਰਮ

ਜੁਲਾਈ:- ਤੀਸਰੇ ਅਤੇ ਚੌਥੇ ਹਫਤੇ ਪਾਠ-2 ਪੜ੍ਹਾਇਆ ਜਾਵੇਗਾ।

ਅਗਸਤ:- ਪਾਠ-3 ਪੜ੍ਹਾਇਆ ਜਾਵੇਗਾ।

ਸਤੰਬਰ:- ਦੁਹਰਾਈ ਕਰਵਾਈ ਜਾਵੇਗੀ।

ਤੀਸਰੀ ਟਰਮ

ਸਤੰਬਰ:- ਤੀਸਰੇ ਅਤੇ ਚੌਥੇ ਹਫ਼ਤੇ ਪਾਠ-4 ਪੜ੍ਹਾਇਆ ਜਾਵੇਗਾ।

ਅਕਤੂਬਰ-ਨਵੰਬਰ:- ਪਾਠ-4 ਪੜ੍ਹਾਇਆ ਜਾਵੇਗਾ।

ਦਸੰਬਰ:- ਦੁਹਰਾਈ ਕਰਵਾਈ ਜਾਵੇਗੀ।

ਜਨਵਰੀ-ਫਰਵਰੀ:- ਸਾਰੇ ਸਿਲੇਬਸ ਦੀ ਦੁਹਰਾਈ ਕਰਾਈ ਜਾਵੇਗੀ।

ਪਹਿਲੀ ਕਲਾਸ ਨੂੰ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਕਰਵਾਉਣ ਲਈ Learn your English book ਲਗਾਈ ਗਈ ਹੈ।

2.1.2 ਦੂਸਰੀ ਸ਼੍ਰੇਣੀ

ਦੂਸਰੀ ਕਲਾਸ ਨੂੰ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਕਰਵਾਉਣ ਲਈ Learn Your English Book ਲਗਾਈ ਗਈ ਹੈ।

ਪਹਿਲੀ ਟਰਮ

ਅਪ੍ਰੈਲ:- ਪਾਠ-1 (ਸਫਾ 1-2) ਪੜ੍ਹਾਇਆ ਜਾਵੇਗਾ।

ਮਈ:- ਪਹਿਲੇ ਅਤੇ ਦੂਸਰੇ ਹਫਤੇ ਪਾਠ-1 (ਸਫਾ 3-4) ਪੜ੍ਹਾਇਆ ਜਾਵੇਗਾ।

ਜੁਲਾਈ:- ਦੁਹਰਾਈ ਕਰਵਾਈ ਜਾਵੇਗੀ।

ਦੂਸਰੀ ਟਰਮ

ਜੁਲਾਈ:- ਤੀਸਰੇ ਤੇ ਚੌਥੇ ਹਫਤੇ ਪਾਠ-2 (14-17) ਪੜ੍ਹਾਏ ਜਾਣਗੇ।

ਅਗਸਤ:- ਪਾਠ-3 (ਸਫਾ 26-30) ਪੜ੍ਹਾਇਆ ਜਾਵੇਗਾ।

ਸਤੰਬਰ:- ਦੁਹਰਾਈ ਕਰਵਾਈ ਜਾਵੇਗੀ।

ਤੀਸਰੀ ਟਰਮ

ਸਤੰਬਰ:- ਤੀਸਰੇ ਅਤੇ ਚੌਥੇ ਹਫਤੇ ਪਾਠ-4 (ਸਫਾ 40-41) ਪੜ੍ਹਾਇਆ ਜੇਗਾ।

ਅਕਤੂਬਰ:- ਪਾਠ-4 (ਸਫਾ 42-44 ਤੱਕ) ਪੜ੍ਹਾਇਆ ਜਾਵੇਗਾ।

ਨਵੰਬਰ:- ਪਾਠ-5 (ਸਫਾ 54-58 ਤੱਕ) ਪੜ੍ਹਾਇਆ ਜਾਵੇਗਾ।

ਦਸੰਬਰ:- ਦੁਹਰਾਈ ਕਰਵਾਈ ਜਾਵੇਗੀ।

ਜਨਵਰੀ-ਫਰਵਰੀ:- ਸਾਰੇ ਸਿਲੇਬਸ ਦੀ ਦੁਹਰਾਈ ਕਰਵਾਈ ਜਾਵੇਗੀ।

2.1.3 ਤੀਸਰੀ ਸ਼੍ਰੇਣੀ

ਤੀਸਰੀ ਸ਼੍ਰੇਣੀ ਦਾ ਸਿਲੇਬਸ ਹੇਠ ਲਿਖੇ ਅਨੁਸਾਰ ਹੈ

ਪਹਿਲੀ ਟਰਮ

ਅਪ੍ਰੈਲ:- ਪਾਠ-1 ਪੜ੍ਹਾਇਆ ਜਾਵੇਗਾ।

ਮਈ:- ਪਹਿਲੇ ਤੇ ਦੂਸਰੇ ਹਫਤੇ ਪਾਠ-2 ਪੜ੍ਹਾਇਆ ਜਾਵਗੇ।

20 ਦੇ ਲੱਗਭਗ ਜ਼ੁਬਾਨੀ (Oral) ਹਦਾਇਤਾਂ

ਜਿਵੇਂ:- Please sit down.

ਅਗਸਤ :- ਪਾਠ-4 ਪੜ੍ਹਾਇਆ ਜਾਵੇਗਾ।

8 ਹਦਾਇਤਾਂ ਜ਼ੁਬਾਨੀ।

ਜਿਵੇਂ:-Good Morning!

Vocabulary ਦੇ ਲੱਗਭਗ 50 ਸ਼ਬਦ ਜੋ ਕੇ ਰੋਜ਼ਾਨਾ ਵਰਤੋਂ ਵਿੱਚ ਆਉਂਦੇ ਹਨ ਸਿਖਾਏ ਜਾਣਗੇ। ਪ੍ਰਸ਼ਨਾਂ ਦੇ ਉੱਤਰ ਕਰਵਾਏ ਜਾਣਗੇ।

What

ARticle a/an ਦੀ ਵਰਤੋਂ ਸਿਖਾਈ ਜਾਵੇਗੀ।

ਸਤੰਬਰ:- ਦੁਹਰਾਈ ਕਰਵਾਈ ਜਾਵੇਗੀ।

ਤੀਸਰੀ ਟਰਮ

ਸਤੰਬਰ:- ਤੀਸਰੇ-ਚੌਥੇ ਹਫ਼ਤੇ ਪਾਠ-5 ਪੜ੍ਹਾਇਆ ਜਾਵੇਗਾ।

ਕਵਿਤਾ ਵੀ ਪੜ੍ਹਾਈ ਜਾਵੇਗੀ।

ਅਕਤੂਬਰ :- ਪਾਠ 6 ਅਤੇ 3 ਕਵਿਤਾਵਾਂ ਪੜ੍ਹਾਈਆਂ ਜਾਣਗੀਆਂ।

3 ਅਤੇ 4 ਅੱਖਰਾਂ ਵਾਲੇ ਸ਼ਬਦ ਜੋ ਕਿ ਪੁਸਤਕ ਵਿੱਚ ਸ਼ਾਮਲ ਹਨ ਪੜ੍ਹਨੇ ਸਿਖਾਏ ਜਾਣਗੇ।

ਨਵੰਬਰ: ਪਾਠ-7

ਦਸੰਬਰ-ਫਰਵਰੀ :- ਸਾਰੇ ਸਿਲੇਬਸ ਦੀ ਦੁਹਰਾਈ ਕਰਵਾਈ ਜਾਵੇਗੀ।

2.1.4 ਚੌਥੀ ਸ਼੍ਰੇਣੀ

ਚੌਥੀ ਸ਼੍ਰੇਣੀ ਨੂੰ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਕਰਵਾਉਣ ਲਈ Learn Your English Book ਪੁਸਤਕ ਲਗਾਈ ਹੈ। ਚੌਥੀ ਸ਼੍ਰੇਣੀ ਦਾ ਸਿਲੇਬਸ ਹੇਠ ਲਿਖੇ ਅਨੁਸਾਰ ਹੈ:-

ਪਹਿਲੀ ਟਰਮ

ਅਪ੍ਰੈਲ:- ਪਾਠ-1 ਅਭਿਆਸ ਸਮੇਤ ਪੜ੍ਹਾਇਆ ਜਾਵੇਗਾ।

ਮਈ:- ਪਾਠ-2 ਅਭਿਆਸ ਸਮੇਤ ਪੜ੍ਹਾਇਆ ਜਾਵੇਗਾ।

ਜੁਲਾਈ:- ਦੁਹਰਾਈ ਕਰਵਾਈ ਜਾਵੇਗੀ।

ਦੂਸਰੀ ਟਰਮ

ਜੁਲਾਈ:- ਤੀਸਰੇ-ਚੌਥੇ ਹਫਤੇ ਪਾਠ-3 ਅਭਿਆਸ ਸਮੇਤ ਪੜ੍ਹਾਇਆ ਜਾਵੇਗਾ।

ਅਗਸਤ:- ਪਾਠ 4 ਤੋਂ 6 ਅਭਿਆਸ ਸਮੇਤ ਪੜ੍ਹਾਏ ਜਾਣਗੇ।

ਸਤੰਬਰ:- ਦੁਹਰਾਈ ਕਰਵਾਈ ਜਾਵੇਗੀ।

ਤੀਸਰੀ ਟਰਮ

ਸਤੰਬਰ:- ਤੀਸਰੇ-ਚੌਥੇ ਹਫਤੇ ਪਾਠ-7 ਅਭਿਆਸ ਸਮੇਤ ਪੜ੍ਹਾਇਆ ਜਾਵੇਗਾ।

ਅਕਤੂਬਰ-ਨਵੰਬਰ :- ਪਾਠ 8-10 ਤੱਕ ਅਭਿਆਸ ਸਮੇਤ ਪੜ੍ਹਾਏ ਜਾਣਗੇ।

ਦਸੰਬਰ:- ਦੁਹਰਾਈ ਕਰਵਾਈ ਜਾਵੇਗੀ।

2.1.5. ਪੰਜਵੀਂ ਸ਼੍ਰੇਣੀ

ਪੰਜਵੀਂ ਸ਼੍ਰੇਣੀ ਦੇ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਲਈ Learn Your English Book ਲਗਾਈ ਗਈ ਹੈ। ਪੰਜਵੀਂ ਸ਼੍ਰੇਣੀ ਦਾ ਸਿਲੇਬਸ ਹੇਠ ਲਿਖੇ ਅਨੁਸਾਰ ਹੈ:-

ਪਹਿਲੀ ਟਰਮ

ਅਪ੍ਰੈਲ:- ਪਾਠ 1-2 ਅਭਿਆਸ ਸਮੇਤ ਪੜ੍ਹਾਏ ਜਾਣਗੇ।

ਕਵਿਤਾ (My Ballon) ਪੜ੍ਹਾਈ ਜਾਵੇਗੀ।

ਮਈ:- ਪਹਿਲੇ ਅਤੇ ਦੂਸਰੇ ਹਫਤੇ ਪਾਠ-3 ਅਭਿਆਸ ਸਮੇਤ ਪੜ੍ਹਾਇਆ ਜਾਵੇਗਾ। ਕਵਿਤਾ (Mice) ਪੜ੍ਹਾਈ ਜਾਵੇਗੀ।

ਜੁਲਾਈ:- ਦੁਹਰਾਈ ਕਰਵਾਈ ਜਾਵੇਗੀ।

ਦੂਸਰੀ ਟਰਮ

ਜੁਲਾਈ:- ਤੀਸਰੇ ਅਤੇ ਚੌਥੇ ਹਫਤੇ ਪਾਠ 4 ਅਭਿਆਸ ਸਮੇਤ ਪੜ੍ਹਾਇਆ ਜਾਵੇਗਾ।

ਕਵਿਤਾ (The Clock) ਪੜ੍ਹਾਈ ਜਾਵੇਗੀ।

ਅਗਸਤ:- ਪਾਠ-5 ਤੋਂ 7 ਅਭਿਆਸ ਸਮੇਤ ਪੜ੍ਹਾਏ ਜਾਣਗੇ।

ਕਵਿਤਾ (The Swing) ਪੜ੍ਹਾਈ ਜਾਵੇਗੀ।

ਸਤੰਬਰ :- ਦੁਹਰਾਈ ਕਰਵਾਈ ਜਾਵੇਗੀ।

ਤੀਸਰੀ ਟਰਮ

ਸਤੰਬਰ :- ਤੀਸਰੇ ਅਤੇ ਚੌਥੇ ਹਫਤੇ ਪਾਠ-8 ਅਭਿਆਸ ਸਮੇਤ ਪੜ੍ਹਾਏ ਜਾਣਗੇ।

ਅਕਤੂਬਰ :- ਪਾਠ 9-10 ਅਭਿਆਸ ਸਮੇਤ ਪੜ੍ਹਾਏ ਜਾਣਗੇ।

ਕਵਿਤਾ (Birthday) ਪੜ੍ਹਾਈ ਜਾਵੇਗੀ।

ਦਸੰਬਰ:- ਪਾਠ 13 ਅਭਿਆਸ ਸਮੇਤ ਪੜ੍ਹਾਈ ਜਾਵੇਗਾ।

ਜਨਵਰੀ ਤੋਂ ਮਾਰਚ:- ਸਾਰੇ ਸਿਲੇਬਸ ਦੀ ਦੁਹਰਾਈ ਕਰਵਾਈ ਜਾਵੇਗੀ।

2.2 ਸਮਾਂ ਸਾਰਣੀ

ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਲਈ ਰੋਜ਼ਾਨਾ ਇੱਕ ਪੀਰੀਅਡ (35 ਮਿੰਟ) ਨਿਸ਼ਚਿਤ ਕੀਤਾ ਗਿਆ ਹੈ। ਪਰ ਅਧਿਆਪਕ ਸਮਾਂ-ਸਾਰਣੀ ਦੇ ਅਨੁਸਾਰ ਨਹੀਂ ਪੜ੍ਹਾਉਂਦੇ। ਅਧਿਆਪਕਾਂ ਦਾ ਕਹਿਣਾ ਹੈ ਜਦੋਂ ਸਮਾਂ ਮਿਲੇ ਤਾਂ ਪੜ੍ਹਾ ਦਿੱਤਾ ਜਾਂਦਾ ਹੈ।

**2.3 ਅਧਿਆਪਕ ਦੀ ਗਿਣਤੀ ਅਤੇ ਵਿਦਿਅਕ ਯੋਗਤਾ**

ਪੰਜਾਬ ਸਰਕਾਰੀ ਐਲੀਮੈਂਟਰੀ ਸਕੂਲ ਵਿੱਚ ਕਿੰਨੇ-ਕਿੰਨੇ ਅਧਿਆਪਕ ਪੜ੍ਹਾ ਰਹੇ ਹਨ? ਅਤੇ ਉਨ੍ਹਾਂ ਦੀ ਵਿਦਿਅਕ ਯੋਗਤਾ ਕੀ ਹੈ? ਇਸ ਸਬੰਧੀ ਵੇਰਵਾ ਹੇਠ ਲਿਖੇ

ਅਨੁਸਾਰ ਹੈ:-

ਸਰਕਾਰੀ ਐਲੀਮੈਂਟਰੀ ਸਕੂਲ ਮਾਣਕ ਢੇਰੀ

ਇਸ ਸਕੂਲ ਵਿੱਚ ਚਾਰ ਅਧਿਆਪਕ ਪੰਜ ਕਲਾਸਾਂ ਨੂੰ ਪੜ੍ਹਾ ਰਹੇ ਹਨ। ਉਨ੍ਹਾਂ ਦੀ ਵਿਦਿਅਕ ਯੋਗਤਾ ਇਸ ਪ੍ਰਕਾਰ ਹੈ :-

| ਕਲਾਸ ਨੰ. | ਵਿਦਿਅਕ ਯੋਗਤਾ |
|---|---|
| ਪਹਿਲੀ | ਜੇ.ਬੀ.ਟੀ. |
| ਦੂਸਰੀ | ਜੇ.ਬੀ.ਟੀ |
| ਤੀਸਰੀ | ਜੇ.ਬੀ.ਟੀ. (ਦੂਸਰੀ ਕਲਾਸ ਦਾ ਅਧਿਆਪਕ ਹੀ ਪੜ੍ਹਾ ਰਿਹਾ ਹੈ) |
| ਚੌਥੀ | ਐੱਮ.ਏ.,ਬੀ.ਐੱਡ. |
| ਪੰਜਵੀਂ | ਜੇ.ਬੀ.ਟੀ. |

ਸਰਕਾਰੀ ਐਲੀਮੈਂਟਰੀ ਸਕੂਲ ਸ਼ਰਿਸ਼ਤਪੁਰ

ਸਰਕਾਰੀ ਐਲੀਮੈਂਟਰੀ ਸਕੂਲ ਸ਼ਰਿਸ਼ਤਪੁਰ ਵਿੱਚ ਸਿਰਫ ਤਿੰਨ ਅਧਿਆਪਕ ਪੰਜ ਕਲਾਸਾਂ ਨੂੰ ਪੜ੍ਹਾ ਰਹੇ ਹਨ। ਇਨ੍ਹਾਂ ਅਧਿਆਪਕਾਂ ਦੀ ਵਿਦਿਅਕ ਯੋਗਤਾ ਇਸ ਪ੍ਰਕਾਰ ਹੈ:-

| ਕਲਾਸ ਨੰ. | ਵਿਦਿਅਕ ਯੋਗਤਾ |
|---|---|
| ਪਹਿਲੀ | ਜੇ.ਬੀ.ਟੀ. |
| ਦੂਸਰੀ | ਜੇ.ਬੀ.ਟੀ. (ਪਹਿਲੀ ਕਲਾਸ ਦਾ ਅਧਿਆਪਕ ਹੀ ਪੜ੍ਹਾ ਰਿਹਾ ਹੈ) |
| ਤੀਸਰੀ | ਜੇ.ਬੀ.ਟੀ. |
| ਚੌਥੀ | ਜੇ. ਬੀ. ਟੀ. (ਤੀਸਰੀ ਕਲਾਸ ਦਾ ਅਧਿਆਪਕ ਹੀ ਪੜ੍ਹਾ ਰਿਹਾ ਹੈ) |
| ਪੰਜਵੀਂ | ਜੇ.ਬੀ.ਟੀ |

ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ

ਸਰਕਾਰੀ ਐਲੀਮੈਂਟਰੀ ਸਕੂਲ ਬੀਰਮਪੁਰ ਵਿੱਚ ਪੰਜ ਕਲਾਸਾਂ ਨੂੰ ਪੰਜ ਅਧਿਆਪਕ ਪੜ੍ਹਾ ਰਹੇ ਹਨ। ਅਧਿਆਪਕਾਂ ਦੀ ਵਿਦਿਅਕ ਯੋਗਤਾ ਹੇਠ ਲਿਖੇ ਅਨੁਸਾਰ ਹੈ:-

| ਕਲਾਸ ਨੰ | ਵਿਦਿਅਕ ਯੋਗਤਾ |
|---|---|
| ਪਹਿਲੀ | ਜੇ.ਬੀ.ਟੀ. |
| ਦੂਸਰੀ | ਜੇ.ਬੀ.ਟੀ |
| ਤੀਸਰੀ | ਜੇ.ਬੀ.ਟੀ |
| ਚੌਥੀ | ਐਮ. ਏ., ਬੀ.ਐੱਡ. |
| ਪੰਜਵੀਂ | ਜੇ.ਬੀ.ਟੀ |

ਸਰਕਾਰੀ ਐਲੀਮੈਂਟਰੀ ਸਕੂਲ ਮਾਧੋਪੁਰ

ਸਰਕਾਰੀ ਐਲੀਮੈਂਟਰੀ ਸਕੂਲ ਮਾਧੋਪੁਰ ਵਿੱਚ ਪੰਜ ਕਲਾਸਾਂ ਨੂੰ ਤਿੰਨ ਅਧਿਆਪਕ ਪੜ੍ਹਾ ਰਹੇ ਹਨ। ਇਨ੍ਹਾਂ ਅਧਿਆਪਕਾਂ ਦੀ ਵਿਦਿਅਕ ਯੋਗਤਾ ਹੇਠ ਲਿਖੇ ਅਨੁਸਾਰ ਹੈ:-

| ਕਲਾਸ ਨੰ. | ਵਿਦਿਅਕ ਯੋਗਤਾ |
|---|---|
| ਪਹਿਲੀ | ਜੇ.ਬੀ.ਟੀ |
| ਦੂਸਰੀ | ਜੇ.ਬੀ.ਟੀ. (ਪਹਿਲੀ ਕਲਾਸ ਦਾ ਅਧਿਆਪਕ ਪੜ੍ਹਾ ਰਿਹਾ ਹੈ) |
| ਤੀਸਰੀ | ਜੇ.ਬੀ.ਟੀ |
| ਚੌਥੀ | ਜੇ.ਬੀ.ਟੀ (ਤੀਸਰੀ ਕਲਾਸ ਦਾ ਅਧਿਆਪਕ ਪੜ੍ਹਾ ਰਿਹਾ ਹੈ। |
| ਪੰਜਵੀਂ | ਜੇ.ਬੀ.ਟੀ. |

### 2.4 ਅੰਗਰੇਜ਼ੀ ਭਾਸ਼ਾ ਦੇ ਮਾਧਿਅਮ ਦੀਆਂ ਵਿਧੀਆਂ

ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਲਈ ਬੱਚਿਆਂ ਨੂੰ ਸਭ ਤੋਂ ਪਹਿਲਾਂ ਅਲਫਾਬੈੱਟ ਦੇ ਅੱਖਰਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ। ਅਲਫਾਬੈਂਡ ਦੇ ਅੱਖਰ ਬੱਚੇ ਤਸਵੀਰਾਂ ਸਮੇਤ ਚਾਰਟ ਉੱਤੋਂ ਪੜ੍ਹਦੇ ਹਨ। ਜਿਵੇਂ:- A ਅੱਖਰ ਦੀ ਪਛਾਣ ਕਰਵਾਉਣ ਲਈ Apple (ਸੇਬ) ਦੀ ਤਸਵੀਰ ਬਣਾਈ ਹੁੰਦੀ ਹੈ। ਪਛਾਣ ਕਰਵਾਉਣ ਤੋਂ ਬਾਅਦ ਬੱਚਿਆਂ ਨੂੰ ਲਿਖਣਾ ਸਿਖਾਇਆ ਜਾਂਦਾ ਹੈ। ਸਭ ਤੋਂ ਪਹਿਲਾਂ ਬੱਚਿਆਂ ਨੂੰ ਆਲੇਖਣ ਵਿਧੀ ਦੀ ਜਾਣਕਾਰੀ ਦਿੱਤੀ ਜਾਂਦੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:-

–, l, ⊂, ⊃, ∪, ∩

ਆਲੇਖਣ ਦੀ ਜਾਣਕਾਰੀ ਇਸ ਕਰਕੇ ਦਿੱਤੀ ਜਾਂਦੀ ਹੈ ਕਿ ਬੱਚੇ ਦੇ ਹੱਥਾਂ ਅਤੇ ਅੱਖਾਂ ਦਾ ਤਾਲਮੇਲ ਬਣ ਸਕੇ। ਅੰਗਰੇਜ਼ੀ ਪਾਠ ਪੁਸਤਕਾਂ ਉੱਪਰ ਆਲੇਖਣ ਦੀ ਜਾਣਕਾਰੀ ਦੇਣ ਲਈ ਕੁਝ ਬਿੰਦੂ (.) ਬਣਾਏ ਗਏ ਹਨ ਜਿਨ੍ਹਾਂ ਨੂੰ ਜੋੜ ਕੇ ਤਸਵੀਰ ਬਣਾਉਣੀਆਂ ਹਨ। ਬਿੰਦੂ ਜੋੜ ਕੇ ਵਿਦਿਆਰਥੀ ਰੇਖਾ ਚਿੱਤਰ ਨੂੰ ਸਿਰਜਦਾ ਹੈ। ਇਸ ਤੋਂ ਬਾਅਦ ਵਿੱਚ ਬੱਚਿਆਂ ਨੂੰ ਅਲਫਾਬੈੱਟ ਦੇ ਅੱਖਰ ਲਿਖਣੇ ਸਿਖਾਏ ਜਾਂਦੇ ਹਨ। ਅਲਫਾਬੈੱਟ ਦੇ ਸਮਾਨ ਬਣਤਰ ਵਾਲੇ ਅੱਖਰਾਂ ਦੇ ਗਰੁੱਪ ਬਣਾ ਕੇ ਲਿਖਣੇ ਸਿਖਾਉਣੇ ਚਾਹੀਦੇ ਹਨ। ਜਿਵੇਂ:-

1. I, T,H,L
2. E,F
3. C,D,G
4. O,Q
5. M,N
6. U,V,W,A
7. P,R,B,K

8. X,Y,Z

9. S.J

ਬੱਚਿਆਂ ਨੂੰ ਅਲਫਾਬੈੱਟ ਦੇ ਉਪਰੋਕਤ ਅੱਖਰ ਚਾਰ ਲਾਈਨਾਂ ਵਾਲੀ ਕਾਪੀ ਉੱਤੇ ਲਿੱਖਣੇ ਸਿਖਾਉਣੇ ਚਾਹੀਦੇ ਹਨ। ਇਸ ਤੋਂ ਬਾਅਦ ਅੱਖਰ ਜੋੜ ਕੇ ਸ਼ਬਦ ਲਿਖਣੇ ਸਿਖਾਉਣੇ ਚਾਹੀਦੇ ਹਨ। ਬੱਚਿਆਂ ਨੂੰ ਪਾਠ ਪੁਸਤਕ ਉੱਤੇ ਬਣੀਆਂ ਤਸਵੀਰਾਂ ਜਾਂ ਆਪਣੇ ਆਲੇ-ਦੁਆਲੇ ਦੀਆਂ ਵਸਤਾਂ ਦਿਖਾ ਕੇ ਅੰਗਰੇਜ਼ੀ ਭਾਸ਼ਾ ਵਿੱਚ ਉਨ੍ਹਾਂ ਦੇ ਨਾਂ ਦੱਸੋ। ਇਹ ਅਭਿਆਸ ਬੱਚਿਆਂ ਨੂੰ ਜ਼ੁਬਾਨੀ (Oral) ਅਤੇ ਵਾਰ-ਵਾਰ ਕਰਵਾਓ। ਬੱਚੇ ਨੂੰ ਭਿੰਨ-ਭਿੰਨ ਵਸਤਾਂ ਦੀਆਂ ਤਸਵੀਰਾਂ ਦਿਖਾ ਕੇ ਪੂਰਾ ਵਾਕ ਬੋਲਣਾ ਦੱਸੋ। ਜਿਵੇਂ:-

This is a fan.

This is a glass.

ਇਸ ਤੋਂ ਇਲਾਵਾ ਬੱਚਿਆਂ ਨੂੰ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਹਦਾਇਤਾਂ ਦੀ ਜਾਣਕਾਰੀ ਅੰਗਰੇਜ਼ੀ ਭਾਸ਼ਾ ਵਿੱਚ ਦਿਉ। ਜਿਵੇਂ:-

Good Morning!

May! I go to drink water.

ਇਸ ਤੋਂ ਇਲਾਵਾ ਬੱਚੇ ਨੂੰ ਅੰਗਰੇਜ਼ੀ ਵਿੱਚ ਕਵਿਤਾਵਾਂ ਪੜ੍ਹਾਈਆਂ ਜਾਣ। ਪੁਸਤਕ ਵਿੱਚ ਸ਼ਾਮਿਲ ਕਵਿਤਾਵਾਂ ਬੱਚਿਆਂ ਦੀਆਂ ਰੁਚੀਆਂ ਨੂੰ ਸਮਝ ਕੇ ਬਣਾਈਆਂ ਗਈਆਂ ਜੋ ਕਿ ਬੱਚੇ ਦੇ ਆਲੇ-ਦੁਆਲੇ ਨਾਲ ਸੰਬੰਧਿਤ ਹਨ। ਬੱਚਾ ਅੱਖਰਾਂ ਦਾ ਸਹੀ ਉਚਾਰਨ ਬੋਲ ਕੇ ਪੜ੍ਹਨ ਨਾਲ ਸਿੱਖਦਾ ਹੈ। ਜਿਵੇਂ:-

In My House

In my house,
What do I see?
A fan, a bulb
A.T.V. for me.

ਪਹਿਲੀ ਅਤੇ ਦੂਸਰੀ ਕਲਾਸ ਵਿੱਚ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਦਾ ਮਨੋਰਥ ਸਿਰਫ ਬੱਚਿਆਂ ਨੂੰ ਅੰਗਰੇਜ਼ੀ ਬੋਲਣਾ ਸਿਖਾਉਣਾ ਹੈ। ਬੱਚੇ ਬੇਝਿਜਕ ਹੋ ਕੇ ਅੰਗਰੇਜ਼ੀ ਬੋਲ ਸਕਣ। ਤੀਸਰੀ ਕਲਾਸ ਤੋਂ ਬੱਚਿਆਂ ਨੂੰ ਪਾਠ ਪੁਸਤਕਾਂ ਅਭਿਆਸ ਸਮੇਤ ਪੜ੍ਹਾਈਆਂ ਜਾਂਦੀਆਂ ਹਨ। ਇਸ ਤਰ੍ਹਾਂ ਬੱਚਾ ਪਹਿਲਾਂ ਬੋਲਣਾਂ ਅਤੇ ਫਿਰ ਲਿਖਣਾ ਸਿੱਖ ਜਾਏਗਾ।

### 2.5 ਅਧਿਆਪਕ ਕਿਸ ਤਰ੍ਹਾਂ ਪੜ੍ਹਾਉਂਦੇ ਹਨ?

ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਸਰਵੇਖਣ ਤੋਂ ਪਤਾ ਲੱਗਦਾ ਹੈ ਕਿ ਅਧਿਆਪਕ ਉਪਰੋਕਤ ਦਿੱਤੀਆਂ ਗਈਆਂ ਵਿਧੀਆਂ ਅਨੁਸਾਰ ਨਹੀਂ ਪੜ੍ਹਾਉਂਦੇ। ਬੱਚਿਆਂ ਨੂੰ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਹਦਾਇਤਾਂ ਦੀ ਜਾਣਕਾਰੀ ਤਾਂ ਅਧਿਆਪਕ ਦੇ ਰਹੇ ਹਨ। ਬੱਚਿਆਂ ਨੂੰ ਸਭ ਤੋਂ ਪਹਿਲਾਂ ਅਲਫਾਬੈੱਟ ਦੇ ਅੱਖਰ 'ੳ' 'ਅ' ਨੂੰ ਲਿਖਣਾ

ਸਿਖਾਇਆ ਜਾਂਦਾ ਹੈ। ਇਸ ਤੋਂ ਬਾਅਦ ਕ੍ਰਮਵਾਰ ਬਾਕੀ ਦੇ ਅੱਖਰ ਲਿਖਣੇ ਸਿਕਾਏ ਜਾਂਦੇ ਹਨ। ਅਧਿਆਪਕ ਆਲੇਖਣ ਵਿਧੀ ਦੀ ਜਾਣਕਾਰੀ ਨਹੀਂ ਦਿੰਦੇ। ਕਈ ਬੱਚੇ ਤਾਂ ਦੋ ਲਾਈਨਾਂ ਵਾਲੀ ਕਾਪੀ ਜਾਂ ਫੱਟੀ ਉੱਤੇ ਬਿਨ੍ਹਾਂ ਹੀ ਲਾਈਨਾਂ ਤੋਂ ਲਿਖੀ ਜਾ ਰਹੇ ਹਨ। ਚਾਰ ਲਾਈਨਾਂ ਵਾਲੀ ਕਾਪੀ ਤੇ ਵੀ ਬੱਚੇ ਅਲਫਾਬੈੱਟ ਦੇ ਅੱਖਰਾਂ ਦੀ ਬਣਤਰ ਠੀਕ ਤਰ੍ਹਾਂ ਨਹੀਂ ਬਣਾ ਰਹੇ। ਇਸ ਤੋਂ ਇਲਾਵਾ ਬੱਚਿਆਂ ਨੂੰ ਪੂਰਾ ਸਿਲੇਬਸ ਵੀ ਨਹੀਂ ਕਰਵਾਇਆ ਜਾ ਰਿਹਾ ਹੈ। ਪਹਿਲੀ ਅਤੇ ਦੂਸਰੀ ਦੇ ਬੱਚੇ ਜ਼ਿਆਦਾਤਰ ਅਲਫਾਬੈੱਟ ਦੇ ਅੱਖਰਾਂ ਦੀ ਪਛਾਣ ਕਰਨ ਤੱਕ ਹੀ ਸੀਮਿਤ ਹਨ।

**2.6 ਸਹਾਇਕ ਸਮੱਗਰੀ**

ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਕਰਵਾਉਣ ਲਈ ਕਈ ਪ੍ਰਕਾਰ ਦੇ ਚਾਰਟ, ਨਕਸ਼ੇ, ਮਾਡਲ ਆਦਿ ਦੀ ਸਹਾਇਕ ਸਮੱਗਰੀ ਵਜੋਂ ਵਰਤੋਂ ਕੀਤੀ ਜਾਂਦੀ ਹੈ। ਅਲਫਾਬੈੱਟ ਦੇ ਅੱਖਰਾਂ ਦੀ ਜਾਣਕਾਰੀ ਦੇਣ ਲਈ ਤਾਸ਼ ਦੀ ਵਰਤੋਂ ਕਰਨੀ। ਅਲਫਾਬੈੱਟ ਦੇ ਅੱਖਰਾਂ ਦੀ ਜਾਣਕਾਰੀ ਦੇਣ ਲਈ ਕਾਰਡਾਂ ਦੀ ਵਰਤੋਂ ਕਰਨੀ। ਅਲਫਾਬੈੱਟ ਦੇ ਅੱਖਰ ਤਸਵੀਰਾਂ ਸਮੇਤ ਚਾਰਟ ਉੱਤੇ ਲਿਖ ਹੁੰਦੇ ਹਨ। ਸਰੀਰ ਦੇ ਅੰਗਾਂ ਦੀ ਜਾਣਕਾਰੀ ਦੇਣ ਲਈ, ਫਲਾਂ ਦੇ ਨਾਂ, ਸਬਜ਼ੀਆਂ ਦੇ ਨਾਂ, ਜਾਨਵਰਾਂ ਦੇ ਨਾਂ ਅਤੇ ਪੰਛੀਆਂ ਦੇ ਨਾਂ ਆਦਿ ਨਾਲ ਸੰਬੰਧਿਤ ਚਾਰਟ ਦੀ ਵਰਤੋਂ ਸਹਾਇਕ ਸਮੱਗਰੀ ਵਜੋਂ ਕੀਤੀ ਜਾਂਦੀ ਹੈ। ਆਲੇ-ਦੁਆਲੇ ਦੀਆਂ ਵਸਤਾਂ ਦੀ ਜਾਣਕਾਰੀ ਦੇਣ ਲਈ ਕਈ ਵਸਤਾਂ ਨੂੰ ਮਾਡਲ ਵਜੋਂ ਵਰਤਿਆ ਜਾਂਦਾ ਹੈ ਜਿਵੇਂ:- `Box` ਦੀ ਜਾਣਕਾਰੀ ਲਈ ਡੱਬੇ ਦੀ ਵਰਤੋਂ ਕਰਨੀ, Fan, Black Board ਆਦਿ ਚੀਜ਼ਾਂ ਕਲਾਸ ਦੇ ਕਮਰੇ ਵਿੱਚ ਉਪਲਬਧ ਹਨ ਜੋ ਕਿ ਮਾਡਲ ਵਜੋਂ ਵਰਤੀਆਂ ਜਾਂਦੀਆਂ ਹਨ।

ਸਿਲੇਬਸ ਵਿੱਚ ਦਿੱਤੇ ਅਨੁਸਾਰ ਬੱਚਿਆਂ ਦੀ ਪ੍ਰੀਖਿਆ ਸਾਲ ਵਿੱਚ ਚਾਰ ਵਾਰ ਲੈਣ ਲਈ ਕਿਹਾ ਹੈ। ਤਿੰਨ ਟਰਮਾਂ ਦਾ ਸਿਲੇਬਸ ਪੜ੍ਹਾ ਕੇ ਹਰ ਟਰਮ ਦਾ ਪੇਪਰ ਲੈਣਾ ਅਤੇ ਸਲਾਨਾ ਪ੍ਰੀਖਿਆ ਸਾਰੇ ਹੀ ਸਿਲੇਬਸ ਵਿੱਚੋਂ ਲੈਣੀ। ਪਹਿਲੀ ਕਲਾਸ ਦੀ ਸਾਲਾਨਾ ਪ੍ਰੀਖਿਆ ਜੁਬਾਨੀ (Oral) ਅਤੇ ਲਿਖੀ (Written) ਦੋਵੇਂ ਤਰ੍ਹਾਂ ਦੀ ਲਈ ਜਾਂਦੀ ਹੈ। ਪਰ ਪਹਿਲੀ ਕਲਾਸ ਦੀ ਪਹਿਲੀ ਟਰਮ ਦੀ ਪ੍ਰੀਖਿਆ ਸਿਰਫ ਜੁਬਾਨੀ (Oral) ਲੈਣ ਲਈ ਕਿਹਾ ਗਿਆ ਹੈ।

ਸੋ ਇਸ ਤਰ੍ਹਾਂ ਪੰਜਾਬੀ ਭਾਸ਼ਾ ਦੇ ਅਧਿਆਪਨ ਅਤੇ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਸੰਬੰਧੀ ਜੋ ਉਪ੍ਰੋਕਤ ਗੱਲਾਂ ਪੇਸ਼ ਕੀਤੀਆਂ ਗਈਆਂ ਹਨ ਜੇ ਇਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੜ੍ਹਾਇਆ ਜਾਵੇ ਤਾਂ ਪੰਜਾਬੀ ਭਾਸ਼ਾ ਅਤੇ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਬਹੁਤ ਵਧੀਆ ਹੋ ਸਕਦਾ ਹੈ ਜਦੋਂ ਸਕੂਲਾਂ ਦਾ ਸਰਵੇਖਣ ਕੀਤਾ ਗਿਆ ਹੈ ਤਾਂ ਪਤਾ ਲੱਗਦਾ ਹੈ ਕਿ ਪੰਜਾਬੀ ਭਾਸ਼ਾ ਦਾ ਅਧਿਆਪਨ ਤਾਂ ਸਕੂਲਾਂ ਵਿੱਚ ਠੀਕ ਹੀ ਹੈ ਪਰ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਪੰਜਾਬੀ ਭਾਸ਼ਾ ਦੇ ਅਧਿਆਪਨ ਦੇ ਮੁਕਾਬਲੇ ਬਹੁਤ ਹੀ ਪਛੜਿਆ ਹੋਇਆ ਹੈ।

# ਨਿਸ਼ਕਰਸ਼

ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਦੇ ਸਮਾਨੰਤਰ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਦੀ ਲੋੜ ਦਿਨੋ-ਦਿਨ ਵਧਦੀ ਜਾ ਰਹੀ ਹੈ। ਇਸ ਖੋਜ-ਨਿਬੰਧ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਅਤੇ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਤੁਲਨਾਤਮਕ ਅਧਿਆਨ ਦੀ ਚੋਣ ਇਸੇ ਲੋੜ ਨੂੰ ਸਮਝਦੇ ਹੋਏ ਹੀ ਕੀਤੀ ਗਈ ਹੈ।

ਇਸ ਪੁਸਤਕ ਨੂੰ ਰੂਪ ਵਿੱਚ ਛੇ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਜੋ ਹੇਠ ਲਿਖੇ ਅਨੁਸਾਰ ਹਨ:-

1. ਪੰਜਾਬੀ ਭਾਸ਼ਾ ਦੇ ਅਧਿਆਪਨ ਦੀਆਂ ਵਿਧੀਆਂ
2. ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਪ੍ਰਾਪਤ ਖੋਜ ਦਾ ਵਿਸ਼ਲੇਸ਼ਣਾਤਮਕ ਅਧਿਐਨ।
3. ਪੰਜਾਬੀ ਭਾਸ਼ਾ ਅਤੇ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਸੰਬੰਧੀ ਸਮੱਗਰੀ ਦਾ ਇਕੱਤਰੀਕਰਨ ਅਤੇ ਵਿਸ਼ਲੇਸ਼ਣ ਵਿਧੀ।
4. ਪੰਜਾਬੀ ਭਾਸ਼ਾ ਦੇ ਅਧਿਆਪਨ ਦਾ ਪੱਧਰ।
5. ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਦਾ ਪੱਧਰ।
6. ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਅਤੇ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ: ਤੁਲਨਾਤਮਕ ਅਧਿਅਨ।

ਪਹਿਲੇ ਭਾਗ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਦੀਆਂ ਤਿੰਨ ਵਿਧੀਆਂ ਪ੍ਰਸਤੁਤ ਕੀਤੀਆਂ ਗਈਆਂ ਹਨ ਜੋ ਹੇਠ ਲਿਖੇ ਅਨੁਸਾਰ ਹਨ:

1. ਮਾਤ--ਭਾਸ਼ਾ ਵਜੋਂ ਅਧਿਆਪਨ।
2. ਦੂਸਰੀ ਭਾਸ਼ਾ ਵਜੋਂ ਅਧਿਆਪਨ।
3. ਵਿਦੇਸ਼ ਭਾਸ਼ਾ ਵਜੋਂ ਅਧਿਆਪਨ।

ਦੂਸਰੇ ਭਾਗ ਵਿੱਚ ਪੰਜਾਬੀ ਭਾਸ਼ਾ ਦੇ ਦੂਸਰੀ ਭਾਸ਼ਾ ਵਜੋਂ ਅਧਿਆਪਕ ਦੀ ਸਿਧਾਂਤ ਜਾਣਕਾਰੀ ਦਿੱਤੀ ਗਈ ਹੈ।

ਤੀਸਰੇ ਭਾਗ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਪ੍ਰਾਪਤ ਖੋਜ ਦਾ ਵਿਸ਼ਲਸ਼ਣਾਤਮਕ ਅਧਿਆਪਨ ਪੇਸ਼ ਕੀਤਾ ਗਿਆ ਹੈ।

ਚੌਥੇ ਭਾਗ ਵਿੱਚ ਅੰਗਰੇਜ਼ੀ ਭਾਸ਼ਾ ਅਤੇ ਪੰਜਾਬੀ ਭਾਸ਼ਾ ਦੇ ਅਧਿਆਪਨ ਸੰਬੰਧੀ ਚਾਰ ਪ੍ਰਸ਼ਨ ਸੂਚੀਆਂ ਪੇਸ਼ ਕੀਤੀਆਂ ਹਨ। ਪ੍ਰਸ਼ਨ ਸੂਚੀਆਂ ਵਿੱਚ ਪੁੱਛੇ ਗਏ ਪ੍ਰਸ਼ਨਾਂ ਦੇ ਆਧਾਰਾਂ ਤੇ ਹੀ ਇਕੱਤਰ ਕੀਤੀ ਗਈ ਸਮੱਗਰੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

ਪੰਜਵੇਂ ਭਾਗ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਸਬੰਧੀ ਅੰਕੜੇ ਪੇਸ਼ ਕੀਤੇ ਗਏ ਹਨ

ਅਤੇ ਪੰਜਾਬੀ ਭਾਸ਼ਾ ਦੇ ਅਧਿਆਪਨ ਦਾ ਪੱਧਰ ਪੇਸ਼ ਕੀਤਾ ਗਿਆ ਹੈ।

ਸੱਤਵੇਂ ਭਾਗ ਵਿੱਚ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਅਤੇ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਦਾ ਤੁਲਨਾਤਮਕ ਅਧਿਅਨ ਪੇਸ਼ ਕੀਤਾ ਗਿਆ ਹੈ।

ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਪੰਜਾਬੀ ਭਾਸ਼ਾ ਅਤੇ ਅੰਗਰੇਜ਼ੀ ਭਾਸ਼ਾ ਦੇ ਅਧਿਆਪਨ ਸੰਬੰਧੀ ਸਰਵੇਖਣ ਤੋਂ ਬਾਅਦ ਜੋ ਸਥਿਤੀ ਸਾਡੇ ਸਾਹਮਣੇ ਉੱਭਰ ਕੇ ਆਉਂਦੀ ਹੈ ਉਹ ਬਹੁਤ ਨਿਰਾਸ਼ਾਜਨਕ ਹੈ। ਇਸ ਨਿਰਾਸ਼ਾਜਨਕ ਸਥਿਤੀ ਦੇ ਹੇਠ ਲਿਖੇ ਕਾਰਨ ਉੱਭਰ ਕੇ ਸਾਹਮਣੇ ਆਉਂਦੇ ਹਨ:

ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਹੈ। ਸਿਰਫ ਸਰਕਾਰੀ ਐਲੀਮੈਂਟਰੀ ਸਕੂਲ ਰਾਸਤਗੋ ਵਿੱਚ ਪੰਜ ਕਲਾਸਾਂ ਨੂੰ ਪੰਜ ਅਧਿਆਪਕ ਪੜ੍ਹਾ ਰਹੇ ਹਨ।

ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਸਿਲੇਬਸ, ਸਮਾਂ-ਸਾਰਣੀ ਆਦਿ ਦੀ ਕਾਪੀ ਉਪਲੱਬਧ ਨਹੀਂ। ਅਧਿਆਪਕ ਪੰਜਾਬੀ ਭਾਸ਼ਾ ਦਾ ਅਧਿਆਪਨ ਪੁਰਾਣੇ ਸਿਲੇਬਸ ਦੇ ਅਨੁਸਾਰ ਹੀ ਕਰਵਾਈ ਜਾ ਰਹੇ ਹਨ।

ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਜ਼ਿਆਦਾਤਰ ਅਧਿਆਪਕ ਪੁਰਾਣੇ ਹਨ ਅਤੇ ਉਹ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਪੁਰਾਣੀਆਂ ਵਿਧੀਆਂ ਨਾਲ ਹੀ ਕਰਵਾਈ ਜਾ ਰਹੇ ਹਨ। ਅੰਗਰੇਜ਼ੀ ਦੀ ਪੁਸਤਕ ਦੇ ਹਰ ਪਾਠਾਂ ਦੇ ਪਿੱਛੇ ਅਧਿਆਪਕ ਲਈ ਅਧਿਆਪਨ ਵਿਧੀਆਂ ਦਿੱਤੀਆਂ ਗਈਆਂ ਹਨ ਪਰ ਅਧਿਆਪਨ ਧਿਆਨ ਨਹੀਂ ਦਿੰਦੇ। ਸਰਵੇਖਣ ਤੋਂ ਬਾਅਦ ਇਹ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਜ਼ਿਆਦਾਤਰ ਸਕੂਲਾਂ ਦੇ ਬੱਚੇ ਅਲਫਾਬੈੱਟ ਦੇ ਅੱਖਰਾਂ ਨੂੰ ਲਿਖਣ ਤੱਕ ਹੀ ਸੀਮਿਤ ਹਨ। ਬੱਚੇ ਅੰਗਰੇਜ਼ੀ ਭਾਸ਼ਾ ਦੇ ਅਲਫਾਬੈੱਟ ਦੋ ਲਾਈਨਾਂ ਵਾਲੀ ਕਾਪੀ ਤੇ ਹੀ ਲਿਖੀ ਜਾ ਰਹੇ ਹਨ ਜਿਸ ਕਰਕੇ ਉਹ ਅੱਖਰਾਂ ਦੀ ਬਣਤਰ ਗਲਤ ਹੀ ਬਣਾ ਰਹੇ ਹਨ।

ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਅਧਿਆਪਨ ਦੇ ਨਿਰਾਸ਼ਾਜਨਕ ਪੱਧਰ ਦਾ ਇਕ ਕਾਰਨ ਇਹ ਵੀ ਹੈ ਕਿ ਆਮ ਸ਼੍ਰੇਣੀ ਦੇ ਲੋਕਾਂ ਦਾ ਜ਼ਿਆਦਾ ਰੁਝਾਨ ਪਬਲਿਕ ਸਕੂਲਾਂ ਵਿੱਚ ਬੱਚੇ ਪੜ੍ਹਾਉਣ ਵੱਲ ਹੈ। ਸਰਕਾਰੀ ਸਕੂਲਾਂ ਵਿੱਚ ਪਛੜੀਆਂ ਅਨੁਸੂਚਿਤ ਸ਼੍ਰੇਣੀਆਂ ਦੇ ਬੱਚਿਆਂ ਦੀ ਸੰਖਿਆ ਜ਼ਿਆਦਾ ਹੈ। ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਸੰਖਿਆ ਹਰ ਸਾਲ ਘੱਟ ਰਹੀ ਹੈ ਕਿਉਂਕਿ ਮਾਪਿਆਂ ਦੀ ਸੋਚਣੀ ਹੈ ਕਿ ਉੱਚ ਪੱਧਰ ਦੀ ਸਿੱਖਿਆ ਪਬਲਿਕ ਸਕੂਲਾਂ ਵਿੱਚ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸਰਕਾਰੀ ਸਕੂਲਾਂ ਵਿੱਚ ਬਹੁਤ ਸਾਰੇ ਅਜਿਹੇ ਅਧਿਆਪਕ ਵੇਖਣ ਵਿੱਚ ਆਏ ਹਨ ਜੋ ਭਾਸ਼ਾ ਦੇ ਸੰਰਚਨਾਤਮਕ ਢਾਂਚੇ ਦੀ ਜਾਣਕਾਰੀ ਨਹੀਂ ਰੱਖਦੇ। ਧੁਨੀ ਕੀ ਹੈ? ਵਰਗੀਕਰਨ, ਵਾਕ ਵਿਉਂਤ, ਰੂਪ ਵਿਗਿਆਨ ਆਦਿ ਸੰਬੰਧੀ ਹੋਰ ਗਿਆਨ ਜ਼ੀਰੋ ਹੈ। ਇਸ ਪੁਸਤਕ ਵਿੱਚ ਪੇਸ਼ ਕੀਤਾ ਗਿਆ ਸਰਵੇਖਣ 2004-05 ਦੇ ਸਮੇਂ ਦੌਰਾਨ, ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਭਾਸ਼ਾ ਅਧਿਆਪਨ ਨਾਲ ਸਬੰਧਤ ਹੈ।

ਦੋ ਜ਼ਿਲ੍ਹਿਆਂ ਦੇ ਪੰਜ ਸਰਕਾਰੀ ਐਲੀਮੈਂਟਰੀ ਸਕੂਲਾਂ ਦੇ ਸਰਵੇਖਣ ਤੋਂ ਸਿੱਧ ਹੁੰਦਾ ਹੈ ਕਿ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦਾ ਅਧਿਆਪਨ ਕਾਫੀ ਨਿਰਾਸ਼ਾਜਨਕ ਹੈ। ਜੋ ਸੁਧਾਰ, ਨਵੀਆਂ ਅਧਿਆਪਨ ਵਿਧੀਆਂ, ਸਹੂਲਤਾਂ ਦੀ ਮੰਗ ਕਰਦਾ ਹੈ।

# ਪੁਸਤਕ ਸੂਚੀ


ਉੱਤਰ ਸਿੰਘ, 1957, **ਪੰਜਾਬੀ ਦੀ ਸਿੱਖਿਆ ਦੇ ਸਿਧਾਂਤ**
ਅੰਬਾਲਾ: ਯੂਨੀਵਰਸਿਟੀ ਪਬਲਿਸ਼ਰਜ਼

ਓਮਕਾਰ ਐਨ ਕੌਲ (ਸੰਪ). 1983 **ਪੰਜਾਬੀ ਭਾਸ਼ਾ ਦਾ ਅਧਿਆਪਨ**
ਅੰਮ੍ਰਿਤਸਰ : ਰਵੀ ਸਾਹਿਤ ਪ੍ਰਕਾਸ਼ਨ

ਆਹੂਜਾ, ਰੌਸ਼ਨ ਲਾਲ, **ਮਾਤ ਭਾਸ਼ਾ ਦੀ ਸਿੱਖਿਆ**, ਮਿਤੀਹੀਣ

ਆਤਮ ਸਿੰਘ, **ਸਮਾਜਿਕ ਭਾਸ਼ਾਵਿਗਿਆਨ**, ਪਬਲੀਕੇਸ਼ਨ ਬਿਊਰੋ, ਪਟਿਆਲਾ

ਸਿੱਧੂ, ਪਰਮਜੀਤ ਸਿੰਘ, **ਮਾਨਵ ਵਿਗਿਆਨਕ ਭਾਸ਼ਾ ਵਿਗਿਆਨ**, ਪਬਲੀਕੇਸ਼ਨ ਬਿਊਰੋ, ਪਟਿਆਲਾ 1998

ਸੁਰਿੰਦਰ ਪਾਲ ਸਿੰਘ 1993 **ਪਠਨ-ਪਾਠਨ**, ਨਾਨਕ ਸਿੰਘ ਪੁਸਤਕਮਾਲਾ

ਕੋਛੜ, ਸਤਵੰਤ ਅਤੇ ਸੰਤ ਸਿੰਘ ਭਾਟੀਆ, 1953 **ਮਾਤ ਭਾਸ਼ਾ ਪੰਜਾਬੀ ਦੀ ਸਿੱਖਿਆ**

ਗੁਪਤਾ, ਬਲਦੇਵ ਰਾਜ (ਡਾ), **ਪੰਜਾਬੀ ਸ਼ਿਕਸ਼ਣ ਕਲਾ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1992

ਗੁਰਨਾਮ ਸਿੰਘ (ਸੰਪਾ) 1994 **ਪੰਜਾਬੀ ਭਾਸ਼ਾ, ਸਾਹਿਤ ਸਭਿਆਚਾਰ ਕਲਾ ਅਤੇ ਪੰਜਾਬੀ** ਅਧਿਆਪਨ (ਗਿਆਰਵੀਂ ਅੰਤਰ-ਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ ਪਟਿਆਲਾ: ਪੰਜਾਬੀ ਯੂਨੀਵਰਸਿਟੀ

ਜੋਸ਼ੀ, ਸ. ਸ. **ਦੂਸਰੀ ਭਾਸ਼ਾ ਵਜੋਂ ਪੰਜਾਬੀ ਅਧਿਆਪਨ ਪੰਜਾਬੀ ਭਾਸ਼ਾ ਦਾ ਅਧਿਆਪਨ** (ਸੰਪਾ ਧਨਵੰਤ ਕੌਰ), 1996

ਜਸ, ਜਸਵੰਤ ਸਿੰਘ 1984 ਮਾਤ ਭਾਸ਼ਾ ਦੀ ਸਿੱਖਿਆ

ਜਸਵਿੰਦਰ ਸਿੰਘ (ਡਾ.) **ਪੰਜਾਬੀ ਸੱਭਿਆਚਾਰ : ਪਛਾਣ ਚਿੰਨ੍ਹ**, ਗਰੇਸ਼ੀਅਸ ਬੁੱਕਸ, ਪਟਿਆਲਾ 2012

ਢੇਸੀ, ਨਿਰੰਜਨ ਸਿੰਘ (ਸੰਪਾ) 1981 **ਪੰਜਾਬੀ ਭਾਸ਼ਾ-ਸਮੱਸਿਆਵਾਂ ਅਤੇ ਸਮਾਧਾਨ** ਜਲੰਧਰ ਲਾਇਲਪੁਰ ਖਾਲਸਾ ਕਾਲਜ

ਢੀਂਗਰਾ, ਪਰਮਜੀਤ ਸਿੰਘ, **ਭਾਸ਼ਾ, ਸਿਧਾਂਤ ਤੇ ਸਰੋਕਾਰ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 2006

ਨੰਦਰਾ, ਇੰਦਰਦੇਵ ਸਿੰਘ, 1992 **ਆਧੁਨਿਕ ਪੰਜਾਬੀ ਅਧਿਆਪਨ**

ਤਾਤਲਾ, ਦਰਸ਼ਨ ਸਿੰਘ (ਸੰਪਾ) **1996 ਬਰਤਾਨੀਆਂ ਵਿੱਚ ਪੰਜਾਬੀ ਭਾਸ਼ਾ**
ਪਟਿਆਲਾ: ਪੰਜਾਬੀ ਯੂਨੀਵਰਸਿਟੀ

ਪਰਮਿੰਦਰ ਸਿੰਘ (ਸੰਪਾ) 1995 **ਵਰਤਮਾਨ ਪੰਜਾਬ ਸੰਕਟ ਤੇ ਪੰਜਾਬੀ ਸਾਹਿਤ** (1980-1993) ਲੁਧਿਆਣਾ: ਪੰਜਾਬੀ ਸਾਹਿਤ ਅਕਾਦਮੀ,

ਰਵੇਲ ਸਿੰਘ, **ਅਸੀਂ ਕਿਵੇਂ ਪੜ੍ਹਾਈਏ, ਜਲੰਧਰ** : ਪੰਜਾਬੀ ਪਬਲਿਸ਼ਰਜ਼

**ਅੰਗਰੇਜ਼ੀ ਪੁਸਤਕਾਂ**

Champion H, **Lectures on teaching English in India**, Geoffrey camberpage oxford university press, 1937

**ਖੋਜ ਪੱਤਰ/ਪੱਤਰਕਾਵਾਂ**

ਪੰਜਾਬੀ ਦੁਨੀਆਂ, ਮਈ 1991

ਖੋਜ ਦਰਪਣ, ਜੁਲਾਈ 1989-93

ਖੋਜ ਦਰਪਣ, ਜੁਲਾਈ 1994

ਖੋਜ ਦਰਪਣ, ਜੁਲਾਈ 1997

ਖੋਜ ਦਰਪਣ, ਜਨਵਰੀ 2001

**ਖੋਜ ਨਿਬੰਧ**

ਜਸਮੀਤ ਸਿੰਘ, **ਪੰਜਾਬੀ ਦਾ ਦੂਜੀ ਭਾਸ਼ਾ ਵਜੋਂ ਅਧਿਆਪਨ** (2002-2003, ਐਮ. ਫਿਲ ਖੋਜ-ਨਿਬੰਧ ਪਟਿਆਲਾ: ਪੰਜਾਬੀ ਯੂਨੀਵਰਸਿਟੀ



**ਡਾ. ਸੋਨਿਕਾ ਗਿੱਲ**

ਪੰਜਾਬੀ ਪੰਜਾਬ ਦੀ ਮਾਤ-ਭਾਸ਼ਾ ਅਤੇ ਰਾਜ ਭਾਸ਼ਾ ਹੈ। ਪੰਜਾਬੀ ਭਾਸ਼ਾ ਪੰਜਾਬ ਵਿੱਚ ਸਿਖਿਆ ਅਤੇ ਪ੍ਰੀਖਿਆ ਦਾ ਮਾਧਿਅਮ ਵੀ ਹੈ। ਪੰਜਾਬ ਦੇ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੇ ਅਧਿਆਪਨ ਦੀ ਸਥਿਤੀ ਬਹੁਤ ਹੀ ਨਿਰਾਸ਼ਾਜਨਕ ਹੈ। ਸਰਵੇਖਣ ਦੌਰਾਨ ਇਹ ਸਾਹਮਣੇ ਆਇਆ ਕਿ ਪੰਜਾਬੀ ਭਾਸ਼ਾ ਦੇ ਅਧਿਆਪਨ ਲਈ ਕੋਈ ਵੀ ਢੁੱਕਵੀਂ ਵਿਧੀ ਨਹੀਂ ਵਰਤੀ ਜਾਂਦੀ। ਅਧਿਆਪਕਾਂ ਦੀ ਭਾਸ਼ਾ ਵਿਗਿਆਨ ਦੀ ਅਧੂਰੀ ਜਾਣਕਾਰੀ ਦੇ ਨਤੀਜੇ ਵਜੋਂ ਪੰਜਾਬੀ ਭਾਸ਼ਾ ਨਹੀਂ ਪੜ੍ਹਾਈ ਜਾ ਰਹੀ ਬਲਕਿ ਪੰਜਾਬੀ ਭਾਸ਼ਾ ਬਾਰੇ ਪੜ੍ਹਾਇਆ ਜਾ ਰਿਹਾ ਹੈ। ਜੇਕਰ ਮਾਤ ਭਾਸ਼ਾ ਅਧਿਆਪਨ ਦੀ ਸਥਿਤੀ ਨਿਰਾਸ਼ਾਜਨਕ ਹੈ ਤਾਂ ਇਸ ਦੇ ਮੁਕਾਬਲੇ ਦੂਜੀਆਂ ਭਾਸ਼ਾਵਾਂ ਦਾ ਅਧਿਆਪਨ ਕਿੰਨਾ ਕੁ ਉਚਿਤ ਹੈ?

5 ਆਬ
Parkashan, Jalandhar
*1-2 Desh Bhagat Yadgar Building
G.T. Road, Jalandhar, Punjab, India
Phone : 98140-87063
5aabparkashan@gmail.com
www.5aabparkashan.com*

ISBN : 978-93-84306-49-6

₹ 100